
ਸ਼੍ਰੀ ਮਾਨ ਭਾਈ ਮਨੀ ਸਿੰਘ ਜੀ ਵਾਲਾ

ਸਭ ਤੋਂ ਵੱਡਾ, ਅਸਲੀ ਤੇ ਪੁਰਾਤਨ

# ਸ਼ਰਧਾ ਪੂਰਨ



ਸੰਗ੍ਰਹਿ ਕਰਤਾ : ਗਿਆਨੀ ਨਰੈਣ ਸਿੰਘ ਜੀ

79

ੴ ਸਤਿਗੁਰ ਪ੍ਰਸਾਦਿ ॥

ਸਰਬ ਰੋਗ ਕਾ ਅਉਖਦੁ ਨਾਮੁ ॥

ਸਭ ਤੋਂ ਵੱਡਾ, ਪੁਰਾਤਨ ਤੇ ਅਸਲੀ

ਭਾਈ ਮਨੀ ਸਿੰਘ ਜੀ ਵਾਲਾ

## ਗੁਰ ਸ਼ਬਦ ਸਿਧੀ

# ਸ਼ਰਧਾ ਪੂਰਨ

ਅਰਥਾਤ

SIKHBOOKCLUB.COM

# ਸੰਕਟ ਮੋਚਨ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

ਸੰਗ੍ਰਹਿ ਕਰਤਾ–

ਗਿਆਨੀ ਨਰੈਣ ਸਿੰਘ ਵਿਦਿਵਾਨ

ਪ੍ਰਕਾਸ਼ਕ :

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

ISBN : 81-7601-300-5
ਛੇਵੀਂ ਐਡੀਸ਼ਨ ਫਰਵਰੀ 2011
ਸਤਵੀਂ ਐਡੀਸ਼ਨ ਫਰਵਰੀ 2014
ਭੇਟਾ : 90-00

SIKHBOOKCLUB.COM

ਪ੍ਰਕਾਸ਼ਕ:
**ਭਾ: ਚਤਰ ਸਿੰਘ ਜੀਵਨ ਸਿੰਘ**
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ : (0183) 2542346, 2547974
ਫੈਕਸ : 5017488
E-mail : csjssales@hotmail.com,
: csjspurchase@yahoo.com
: csjsexport@gmail.com
Visit our Website : www.csjs.com

Printed & Bound in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ॥

# ਸ਼ਰਧਾ ਪੂਰਨ ਅਰਥਾਤ ਗੁਰ ਸ਼ਬਦ ਸਿਧੀ ਬਾਰੇ ਸੰਖੇਪ ਉਥਾਨਕਾ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਦੀ ਪਵਿੱਤ੍ਰ ਧਰਤੀ ਤੇ ਅਨੇਕ ਤਰ੍ਹਾਂ ਦੇ ਚੋਜ ਵਰਤਾਉਂਦੇ ਰਹੇ। ਉਹਨਾਂ ਦਾ ਤੇਜ ਪ੍ਰਤਾਪ ਕਿਸੇ ਤੋਂ ਝੱਲਿਆ ਨਹੀਂ ਸੀ ਜਾਂਦਾ। ਰੋਜ਼ ਦੀਵਾਨ ਵਿਚ ਸਿੰਘਾਸਨ ਤੇ ਸ਼ਸ਼ੋਭਤ ਹੁੰਦੇ ਤੇ ਆਪਣੇ ਮੁਖਾਰਬਿੰਦ ਤੋਂ ਅਨਮੋਲ ਬਚਨ ਉਚਾਰਦੇ। ਜਿਨ੍ਹਾਂ ਨੂੰ ਸਿੱਖ ਸੰਗਤਾਂ ਸੁਣ ਸੁਣ ਕੇ ਗੱਦ ਗੱਦ ਹੁੰਦੀਆਂ ਸਨ।

ਦਸਮੇਸ਼ ਪਿਤਾ ਪਾਸ, ਭਾਈ ਨੰਦ ਲਾਲ ਜੀ ਗੋਯਾ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਤੇ ਹੋਰ ਵਿਦਵਾਨ ਹਰ ਵੇਲੇ ਰਹਿੰਦੇ ਸਨ। ਬੜੇ ਬੜੇ ਮਹਾਨ ਯੋਧੇ ਕਲਗੀਧਰ ਜੀ ਨੇ ਪੈਦਾ ਕੀਤੇ, ਜਿਨ੍ਹਾਂ ਦਾ ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ।

ਇਕ ਸਮੇਂ ਸੰਗਤਾਂ ਨੇ ਵਿਚਾਰ ਕੀਤੀ, ਗੁਰੂ ਸਾਹਿਬ ਜੀ ਪਾਸ ਬੇਨਤੀ ਕਰੀਏ, ਕਿ ਸਾਨੂੰ ਵੀ ਕੋਈ ਔਖੇ ਸਮੇਂ ਤੋਂ ਬਚਨ ਲਈ ਉਪਾ ਦਸਣ। ਕਿਉਂਕਿ ਅਸੀਂ ਗੁਰਬਾਣੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਦੇ। ਪੰਡਿਤ, ਮੁਲਾਂ ਆਪੋ ਆਪਣੇ ਖਿਆਲਾਂ ਅਨੁਸਾਰ ਜੰਤ੍ਰ, ਮੰਤ੍ਰ, ਤੰਤਰ ਤੇ ਉਪਾ ਕਰਦੇ ਹਨ, ਦੁਖਾਂ ਤਕਲੀਫਾਂ, ਭਿਆਨਕ ਬੀਮਾਰੀਆਂ ਤੇ ਔਖੇ ਸਮੇਂ ਤੋਂ ਬਚਨ ਲਈ।

ਨਿੰਮ੍ਰਤਾ ਸਹਿਤ, ਹੱਥ ਜੋੜਕੇ, ਗਲਾਂ ਵਿਚ ਪੱਲੇ ਪਾ ਕੇ ਸਤਿਗੁਰਾਂ ਦੇ ਦਰਬਾਰ ਵਿਚ ਕੁਝ ਸਿੱਖ ਹਾਜ਼ਰ ਹੋਏ ਤੇ ਆਪਣੀ ਵਿਚਾਰ ਦਸੀ।

ਮਿਹਰਾਂ ਦੇ ਦਾਤੇ! ਮਿਹਰਾਂ ਦੇ ਘਰ ਆਏ, ਤੇ ਭਾਈ ਮਨੀ ਸਿੰਘ ਜੀ ਨੂੰ ਸਦ ਕੇ ਕਿਹਾ, ਇਹਨਾਂ ਗੁਰਸਿੱਖਾਂ ਦੀ ਵਿਚਾਰ ਸੁਣਕੇ ਆਪ ਕਿਰਪਾ ਕਰੋ।

ਭਾਈ ਮਨੀ ਸਿੰਘ ਜੀ ਨੇ ਕਿਹਾ ਮੇਰੇ ਤੇ ਆਪ ਮਿਹਰਾਂ ਦਾ ਹੱਥ ਰਖੋ, ਜਿਸ ਤਰ੍ਹਾਂ ਤੁਸੀਂ ਬੋਲਾਓਗੇ, ਦਾਸ ਬੋਲੇਗਾ।

ਸਤਿਗੁਰ ਜੀ ਬੋਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਸ਼ਬਦ ਚੁਣ ਕੇ ਇਕ ਪੋਥੀ ਤਿਆਰ ਕਰੋ, ਜਿਸ ਵਿਚ ਹਰ ਤਰ੍ਹਾਂ ਦੀਆਂ ਕਾਮਨਾਵਾਂ ਦੀ ਪੂਰਤੀ ਲਈ ਸ਼ਬਦ ਇਕੱਤਰ ਕੀਤੇ ਹੋਣ, ਤੇ ਨਾਲ ਹੀ ਓਹਨਾਂ ਦੀ ਵਿਧੀ ਤੇ ਮਹਾਤਮ ਲਿਖੇ ਹੋਣ।

ਭਾਈ ਮਨੀ ਸਿੰਘ ਜੀ ਨੇ ਸਤਿਗੁਰ ਜੀ ਦੇ ਕਹੇ ਅਨੁਸਾਰ ਸ਼ਬਦਾਂ ਦੀ ਪੋਥੀ ਤਿਆਰ ਕੀਤੀ ਤੇ ਸਤਿਗੁਰੂ ਜੀ ਅਗੇ ਲਿਆ ਰਖੀ। ਪਾਤਸ਼ਾਹ ਬੜੇ ਪ੍ਰਸੰਨ ਹੋਏ। ਸਤਿਗੁਰ ਜੀ ਨੇ ਕਿਹਾ, ਇਹ ਆਸਾਂ ਮੁਰਾਦਾਂ ਤੇ ਸ਼ਰਧਾ ਪੂਰਨ ਵਾਲੀ ਹੈ। ਇਸ ਦਾ ਨਾਮ ਸ਼ਰਧਾ ਪੂਰਨ ਰਖਿਆ ਜਾਵੇ।

ਜੋ ਵੀ ਇਸ ਨੂੰ ਸ਼ਰਧਾ ਭਾਵਨਾਂ ਨਾਲ ਪੜ੍ਹੇਗਾ ਸ਼ਬਦਾਂ ਦੀ ਵਿਧੀ ਅਨੁਸਾਰ ਜਾਪ ਕਰੇਗਾ। ਉਸਦੀਆਂ ਮਨੋਂ-ਕਾਮਨਾਂ ਪੂਰੀਆਂ ਹੋਣਗੀਆਂ। ਕਸ਼ਟ ਦੂਰ ਹੋਣਗੇ, ਖੁਸ਼ੀਆਂ ਪ੍ਰਾਪਤ ਹੋਣਗੀਆਂ।

—*ਸੰਗ੍ਰਹਿ ਕਰਤਾ*

# ਤਤਕਰਾ


ਮੂਲ ਮੰਤ੍ਰ ੯
ਸੋਚੈ ਸੋਚਿ ਨ ਹੋਵਈ ੧੦
ਹੁਕਮੀ ਹੋਵਨਿ ਆਕਾਰ ੧੦
ਗਾਵੈ ਕੋ ਤਾਣੁ ੧੦
ਸਾਚਾ ਸਾਹਿਬੁ ਸਾਚੁ ਨਾਇ ੧੧
ਥਾਪਿਆ ਨ ਜਾਇ ੧੧
ਤੀਰਥਿ ਨਾਵਾ ਜੇ ਤਿਸੁ ਭਾਵਾ ੧੨
ਜੇ ਜੁਗ ਚਾਰੇ ਆਰਜਾ ੧੨
ਸੁਣਿਐ ਸਿਧ ਪੀਰ ੧੩
ਸੁਣਿਐ ਈਸਰੁ ਬਰਮਾ ਇੰਦੁ ੧੩
ਸੁਣਿਐ ਸਤੁ ਸੰਤੋਖੁ ਗਿਆਨੁ ੧੩
ਸੁਣਿਐ ਸਰਾ ਗੁਣਾ ੧੪
ਮੰਨੇ ਕੀ ਗਤਿ ਕਹੀ ੧੪
ਮੰਨੈ ਸੁਰਤਿ ਹੋਵੈ ੧੪
ਮੰਨੈ ਮਾਰਗਿ ਠਾਕ ੧੫
ਮੰਨੈ ਪਾਵਹਿ ੧੫
ਪੰਚ ਪਰਵਾਣ ਪੰਚ ਪਰਧਾਨੁ ੧੫
ਅਸੰਖ ਜਪ ਅਸੰਖ ਭਾਉ ੧੬
ਅਸੰਖ ਮੂਰਖ ੧੬
ਅਸੰਖ ਨਾਵ ੧੭
ਭਰੀਐ ਹਥੁ ਪੈਰੁ ੧੭
ਤੀਰਥੁ ਤਪੁ ਦਇਆ ੧੮
ਪਾਤਾਲਾ ਪਾਤਾਲ ੧੮
ਸਾਲਾਹੀ ਸਾਲਾਹਿ ੧੯
ਅੰਤੁ ਨ ਸਿਫਤੀ ੧੯
ਬਹੁਤਾ ਕਰਮੁ ੨੦
ਅਮੁਲ ਗੁਣ ੨੦
ਸੋ ਦਰੁ ਕੇਹਾ ੨੧
ਮੁੰਦਾ ਸੰਤੋਖੁ ੨੨
ਭੁਗਤਿ ਗਿਆਨੁ ੨੨
ਏਕਾ ਮਾਈ ਜੁਗਤਿ ੨੩
ਆਸਣੁ ਲੋਇ ੨੩
ਇਕ ਦੂ ਜੀਭੌ ੨੪
ਆਖਣਿ ਜੋਰੁ ਚੁਪੈ ੨੪
ਰਾਤੀ ਰੁਤੀ ਥਿਤੀ ਵਾਰ ੨੪
ਧਰਮ ਖੰਡ ਕਾ ੨੫
ਗਿਆਨ ਖੰਡ ਮਹਿ ੨੫
ਕਰਮ ਖੰਡ ਕੀ ੨੬
ਜਤੁ ਪਾਹਾਰਾ ਧੀਰਜੁ ੨੬
ਪਵਣੁ ਗੁਰੂ ਪਾਣੀ ਪਿਤਾ ੨੭
ਅਨੰਦੁ ਭਇਆ ਮੇਰੀ ਮਾਏ ੨੮
ਦੁਇ ਕਰ ਜੋੜਿ ਕਰੀ ਬੇਨੰਤੀ ੨੯
ਵਸੁ ਮੇਰੇ ਪਿਆਰਿਆ ੩੦
ਜਿਤੁ ਘਰਿ ਪਿਰਿ ੩੦
ਮੇਰੈ ਮਨਿ ਅਨਦੁ ਭਇਆ ੩੧
ਮੰਤ੍ਰੰ ਰਾਮ ਰਾਮ ਨਾਮੰ ੩੧
ਰਸਨਾ ਹਰਿ ਸਾਦਿ ਲਗੀ ੩੨
ਗਗਨ ਮੈ ਥਾਲੁ ਰਵਿ ੩੨
ਬਾਹਰਿ ਢੂਢਨ ਤੇ ਛੂਟਿ ੩੩
ਨਿਮਾਨੇ ਕਉ ਜੋ ੩੪
ਜਾਚਕ ਜਨੁ ਜਾਚੈ ੩੫
ਤੇਰੇ ਕਵਨ ਕਵਨ ਗੁਣ ੩੫
ਇਕ ਮਨਿ ਪੁਰਖੁ ਧਿਆਇ ੩੬
ਅਮਿਅ ਦ੍ਰਿਸਟਿ ਸੁਭ ੩੬
ਘਨਹਰ ਬੂੰਦ ਬਸੁਅ ੩੭
ਹਮ ਅਵਗੁਣਿ ਭਰੇ ੩੭
ਕਲਿ ਸਮੁਦ੍ਰ ਭਏ ਰੂਪ ੩੮
ਰਾਮਦਾਸ ਸਰੋਵਰਿ ਨਾਤੇ ੩੮
ਇਛਾ ਪੂਰਕੁ ਸਰਬ ੩੯
ਚਿਤਿ ਚਿਤਵਉ ਅਰਦਾਸਿ ੩੯


SIKHBOOKCLUB.COM

| | | | |
|---|---|---|---|
| ਪਰਮੇਸਰਿ ਦਿਤਾ ਬੰਨਾ | ੪੦ | ਮੋਤੀ ਤ ਮੰਦਰ ਊਸਰਹਿ | ੫੬ |
| ਸੇਵੀ ਸਤਿਗੁਰੁ ਆਪਣਾ | ੪੦ | ਜਾਲਿ ਮੋਹੁ ਘਸਿ ਮਸੁ | ੫੬ |
| ਸਾਹੁ ਹਮਾਰਾ ਤੂੰ ਧਣੀ | ੪੧ | ਵਣਜੁ ਕਰਹੁ ਵਣਜਾਰਿਹੋ | ੫੭ |
| ਜਿਉ ਜਨਨੀ ਗਰਭੁ | ੪੧ | ਜਾ ਕਉ ਮੁਸਕਲੁ ਅਤਿ ਬਣੈ | ੫੭ |
| ਕਿਰਸਾਣੀ ਕਿਰਸਾਣੁ ਕਰੇ | ੪੨ | ਪਹਿਲੈ ਪਹਰੈ ਰੈਣਿ ਕੈ | ੫੭ |
| ਜਾ ਕੈ ਵਸਿ ਖਾਨ ਸੁਲਤਾਨ | ੪੨ | ਖੋਜਤ ਖੋਜਤ ਦਰਸਨ ਚਾਹੇ | ੫੮ |
| ਹਮ ਧਨਵੰਤ ਭਾਗਠ | ੪੨ | ਅੰਮ੍ਰਿਤ ਨਾਮੁ ਸਦਾ ਨਿਰਮਲੀਆ | ੫੮ |
| ਸੂਕੇ ਹਰੇ ਕੀਏ | ੪੩ | ਪ੍ਰਭ ਕਿਰਪਾ ਤੇ ਹਰਿ ਹਰਿ | ੫੯ |
| ਤਾਪ ਗਏ ਪਾਈ ਪ੍ਰਭਿ ਸਾਂਤਿ | ੪੩ | ਬਾਹਰਿ ਰਾਖਿਓ ਰਿਦੈ ਸਮਾਲਿ | ੫੯ |
| ਜਿਨਿ ਕੀਤਾ ਮਾਟੀ ਤੇ ਰਤਨੁ | ੪੩ | ਮੇਰੇ ਮਨ ਸਰਣਿ ਪ੍ਰਭੂ | ੫੯ |
| ਤਉ ਕਿਰਪਾ ਤੇ ਮਾਰਗੁ | ੪੪ | ਬ੍ਰਹਮੈ ਗਰਬੁ ਕੀਆ | ੬੦ |
| ਸਿਮਰਤ ਸੁਆਮੀ ਕਿਲਵਿਖ | ੪੪ | ਸਿਮਰਉ ਸਿਮਰਿ ਸਿਮਰਿ | ੬੦ |
| ਸਾਂਤਿ ਭਈ ਗੁਰ | ੪੪ | ਪ੍ਰਭ ਕੈ ਸਿਮਰਨਿ ਰਿਧਿ | ੬੧ |
| ਨੇਤ੍ਰ ਪ੍ਰਗਾਸੁ ਕੀਆ | ੪੫ | ਪ੍ਰਭ ਕਉ ਸਿਮਰਹਿ ਸੇ | ੬੧ |
| ਤੂੰ ਮੇਰਾ ਸਖਾ ਤੂੰਹੀ | ੪੫ | ਹਰਿ ਸਿਮਰਨੁ ਕਰਿ ਭਗਤ | ੬੨ |
| ਭਲੀ ਸੁਹਾਵੀ ਛਾਪਰੀ | ੪੬ | ਦੀਨ ਦਰਦ ਦੁਖ ਭੰਜਨਾ | ੬੨ |
| ਗੁਨ ਗੋਬਿੰਦ ਗਾਇਓ | ੪੬ | ਜਹ ਮਾਤ ਪਿਤਾ ਸੁਤ ਮੀਤ | ੬੩ |
| ਸਤਿਗੁਰ ਆਇਓ | ੪੭ | ਜਿਹ ਮਾਰਗ ਕੇ ਗਨੇ ਜਾਹਿ | ੬੩ |
| ਮੰਗਲ ਸਾਜੁ ਭਇਆ | ੪੭ | ਦੀਵਾ ਮੇਰਾ ਏਕੁ ਨਾਮੁ | ੬੪ |
| ਤਾਪ ਪਾਪ ਤੇ ਰਾਖੇ ਆਪ | ੪੮ | ਲਾਲ ਰੰਗੁ ਤਿਸ ਕਉ ਲਗਾ | ੬੪ |
| ਜੀਅ ਜੰਤ ਸੁਪ੍ਰਸੰਨ ਭਏ | ੪੮ | ਕਲਿ ਕਲੇਸ ਗੁਰ ਸਬਦਿ ਨਿਵਾਰੇ | ੬੫ |
| ਸਭਿ ਅਵਗਣ ਮੈ ਗੁਣੁ | ੪੯ | ਸਭ ਕਿਛੁ ਘਰ ਮਹਿ | ੬੫ |
| ਸਤਿਗੁਰੁ ਹੋਇ ਦਇਆਲੁ | ੪੯ | ਤਿਸੁ ਕੁਰਬਾਣੀ ਜਿਨਿ ਤੂੰ | ੬੫ |
| ਠਾਢਿ ਪਾਈ ਕਰਤਾਰੇ | ੫੦ | ਤੂੰ ਮੇਰਾ ਪਿਤਾ ਤੂੰ ਹੈ | ੬੬ |
| ਅਉਖੀ ਘੜੀ ਨ ਦੇਖਣ | ੫੧ | ਹੁਕਮੀ ਵਰਸਣ ਲਾਗੇ ਮੇਹਾ | ੬੬ |
| ਹਰਿ ਕਾ ਨਾਮੁ ਰਿਦੈ | ੫੧ | ਮੀਹੁ ਪਇਆ ਪਰਮੇਸਰਿ ਪਾਇਆ | ੬੬ |
| ਹਮ ਭੀਖਕ ਭੇਖਾਰੀ | ੫੨ | ਦੁਖ ਭੰਜਨੁ ਤੇਰਾ ਨਾਮੁ ਜੀ | ੬੭ |
| ਪਾਛੰ ਕਰੋਤਿ ਅਗ੍ਰਣੀਵਹ | ੫੨ | ਜਾ ਤੂ ਮੇਰੈ ਵਲਿ ਹੈ | ੬੭ |
| ਹਰਣੀ ਹੋਵਾ ਬਨਿ ਬਸਾ | ੫੩ | ਰਾਖਿ ਲੀਆ ਗੁਰਿ | ੬੮ |
| ਨਿਧਿ ਸਿਧਿ ਰਿਧਿ ਹਰਿ | ੫੩ | ਗੁਰ ਕਾ ਸਬਦੁ ਰਖਵਾਰੇ | ੬੮ |
| ਹਰਿ ਧਨੁ ਜਾਪ ਹਰਿ ਧਨ | ੫੪ | ਸਗਲ ਸ੍ਰਿਸਟਿ ਕੋ ਰਾਜਾ | ੬੯ |
| ਤੂੰ ਕਰਤਾ ਸਚਿਆਰੁ | ੫੫ | ਦੇਹੁ ਸੰਦੇਸਰੋ ਕਹੀਅਉ | ੬੯ |
| ਗੋਪਾਲ ਤੇਰਾ ਆਰਤਾ | ੫੫ | ਮਿਲਉ ਸੰਤਨ ਕੈ ਸੰਗਿ | ੭੦ |


SIKHBOOKCLUB.COM

| | | | |
|---|---|---|---|
| ਸਗਲ ਇਛਾ ਜਪਿ ਪੁੰਨੀਆ | ੭੦ | ਆਵਹੁ ਮੀਤ ਇਕਤ੍ਰ ਹੋਇ | ੮੮ |
| ਜਿਸੁ ਨੀਚ ਕਉ ਕੋਈ | ੭੧ | ਅਪੁਨੇ ਸੇਵਕ ਕੀ ਆਪੇ | ੮੮ |
| ਉਕਤਿ ਸਿਆਨਪ ਕਿਛੂ ਨ | ੭੧ | ਸੁਨਹੁ ਬਿਨੰਤੀ ਠਾਕੁਰ | ੮੯ |
| ਵਿਦਿਆ ਵੀਚਾਰੀ ਤਾਂ | ੭੨ | ਖੰਭ ਵਿਕਾਂਦੜੇ ਜੇ ਲਹਾਂ | ੮੯ |
| ਗੁਰੁ ਪੂਰਾ ਨਮਸਕਾਰੇ | ੭੩ | ਤਨੁ ਸੰਤਨ ਕਾ ਧਨੁ ਸੰਤਨ ਕਾ | ੯੦ |
| ਨਾਨਕ ਚਿੰਤਾ ਮਤਿ ਕਰਹੁ | ੭੩ | ਹਮ ਸੰਤਨ ਕੀ ਰੇਨੁ ਪਿਆਰੇ | ੯੦ |
| ਸਿਮਰਿ ਸਿਮਰਿ ਗੁਰੁ ਸਤਿਗੁਰੁ | ੭੪ | ਗਈ ਬਹੋੜੁ ਬੰਦੀ ਛੋੜੁ | ੯੧ |
| ਗੋਬਿਦੁ ਸਿਮਰਿ ਹੋਆ | ੭੪ | ਮੇਰੈ ਹੀਅਰੈ ਰਤਨੁ ਨਾਮੁ | ੯੨ |
| ਹਰਿ ਰਾਮ ਰਾਮ ਰਾਮ ਰਾਮਾ | ੭੫ | ਨਿੰਦਕੁ ਗੁਰ ਕਿਰਪਾ | ੯੨ |
| ਖੁਰਾਸਾਨ ਖਸਮਾਨਾ ਕੀਆ | ੭੫ | ਨਿੰਦਕੁ ਐਸੇ ਹੀ ਝਰਿ | ੯੩ |
| ਪਰਦੇਸੁ ਝਾਗਿ ਸਉਦੇ | ੭੬ | ਸੁਲਹੀ ਤੇ ਨਾਰਾਇਣ ਰਾਖੁ | ੯੩ |
| ਗੁਨੁ ਅਵਗਨੁ ਮੇਰੋ ਕਛੁ | ੭੬ | ਗੁਰ ਪੂਰੇ ਰਾਖਿਆ | ੯੪ |
| ਹਰਿ ਜਨ ਲੀਨੇ | ੭੭ | ਸੰਤਾ ਕੇ ਕਾਰਜਿ ਆਪਿ | ੯੪ |
| ਆਵਹੋ ਸਜਣਾ ਹਉ ਦੇਖਾ | ੭੮ | ਜਾਮਿ ਗੁਰੂ ਹੋਇ ਵਲਿ | ੯੫ |
| ਤਾਤੀ ਵਾਉ ਨ ਲਗਈ | ੭੮ | ਮਾਈ ਮੋਹਿ ਪ੍ਰੀਤਮੁ | ੯੫ |
| ਕਰਿ ਇਸਨਾਨੁ ਸਿਮਰਿ ਪ੍ਰਭੁ | ੭੯ | ਕਰਿ ਕਿਰਪਾ ਸੁਖ ਅਨਦ | ੯੬ |
| ਤਿਚਰੁ ਮੂਲਿ ਨ ਥੁੜੀਦੋ | ੭੯ | ਜਾ ਕਉ ਰਾਖੈ ਰਾਖਣਹਾਰੁ | ੯੬ |
| ਖਾਤ ਖਰਚਤ ਬਿਲਛਤ | ੮੦ | ਮੋ ਕਉ ਤਾਰਿ ਲੇ ਰਾਮਾ | ੯੭ |
| ਗਏ ਕਲੇਸ ਰੋਗ ਸਭਿ | ੮੦ | ਭੈਰਉ ਭੂਤ ਸੀਤਲਾ ਧਾਵੈ | ੯੮ |
| ਹਰਿ ਸੰਗਿ ਰਾਤੇ ਭਾਹਿ | ੮੦ | ਜਿਸੁ ਗ੍ਰਿਹਿ ਬਹੁਤੁ ਤਿਸੈ | ੯੮ |
| ਮਾਤ ਗਰਭ ਮਹਿ ਆਪਨ | ੮੧ | ਊਠਤ ਸੁਖੀਆ ਬੈਠਤ ਸੁਖੀਆ | ੯੯ |
| ਅਪਣੇ ਬਾਲਕ ਆਪਿ ਰਖਿਅਨੁ | ੮੨ | ਜਿਸੁ ਤੂ ਰਾਖਹਿ ਤਿਸੁ | ੧੦੦ |
| ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ | ੮੨ | ਠਾਕੁਰ ਤੁਮ੍ ਸਰਣਾਈ | ੧੦੦ |
| ਨਿਰਧਨ ਕਉ ਧਨੁ ਤੇਰੋ ਨਾਉ | ੮੩ | ਕਰਉ ਬਿਨਉ ਗੁਰ | ੧੦੧ |
| ਤੂੰ ਵਿਸਰਹਿ ਤਾਂ ਸਭ ਕੋ | ੮੩ | ਹੇ ਗੋਬਿੰਦ ਹੇ ਗੋਪਾਲ | ੧੦੧ |
| ਹਰਿ ਪ੍ਰਭਿ ਕਾਜੁ ਰਚਾਇਆ | ੮੪ | ਘੋਰ ਦੁਖੵੰ ਅਨਿਕ ਹਤੵੰ | ੧੦੨ |
| ਮਿਹਰਵਾਨੁ ਸਾਹਿਬੁ ਮਿਹਰਵਾਨੁ | ੮੪ | ਏਕੁ ਪਿਤਾ ਏਕਸ ਕੇ | ੧੦੨ |
| ਪਾਵਤੁ ਰਲੀਆ ਜੋਬਨਿ | ੮੫ | ਥਿਰੁ ਘਰਿ ਬੈਸਹੁ ਹਰਿ | ੧੦੩ |
| ਰਾਜ ਲੀਲਾ ਤੇਰੈ ਨਾਮਿ | ੮੫ | ਮੇਰੇ ਮਨ ਪਰਦੇਸੀ ਵੇ | ੧੦੩ |
| ਸਗਲ ਸੂਖ ਜਪਿ ਏਕੈ ਨਾਮ | ੮੬ | ਤੇਰਾ ਕੀਤਾ ਜਾਤੋ ਨਾਹੀ | ੧੦੪ |
| ਜਿਹ ਪੈਡੈ ਲੂਟੀ ਪਨਿਹਾਰੀ | ੮੭ | ਆਉ ਸਾਜਨ ਸੰਤ ਮੀਤ | ੧੦੫ |
| ਸਤਿਗੁਰੁ ਸਾਚੈ ਦੀਆ ਭੇਜਿ | ੮੭ | ਹਮਰੀ ਕਰੋ ਹਾਥ ਦੈ ਰੱਛਾ | ੧੦੬ |


SIKHBOOKCLUB.COM

# ਸ਼ਬਦ ਦੇ ਪਾਠ ਕਰਨ ਦੀ ਮਰਯਾਦਾ

ਗਿਆਨੀ ਨਰੈਣ ਸਿੰਘ ਜੀ ਵਿਦਿਵਾਨ ਨੇ ਹੇਠ ਲਿਖੇ ਅਨੁਸਾਰ ਸ਼ਬਦ ਦੇ ਪਾਠ ਕਰਨ ਦੀ ਮਰਿਯਾਦਾ ਦਸੀ ਹੈ।

ਸਤਿਗੁਰ ਨਾਨਕ ਦੇਵ ਜੀ ਦੇ ਚਰਨਾਂ ਵਿਚ ਸੁਰਤ ਜੋੜਕੇ ਇਕ ਮਨ ਹੋਕੇ ਪਵਿੱਤਰ ਜਗ੍ਹਾਂ ਤੇ ਆਸਣ ਵਿਛਾ ਲਓ। ਵੱਡੀ ਮਾਲਾ ਉੁਨ ਜਾਂ ਪਸ਼ਮ ਦੀ ਹੋਵੇ, ਉਸ ਨਾਲ ਗਿਣਤੀ ਕਰਕੇ ਸ਼ਬਦ ਪੜ੍ਹਣਾ। ਚੌਂਕੜੀ ਮਾਰਕੇ ਬੈਠਣਾ। ਮਾਸ, ਸ਼ਰਾਬ ਆਦਿਕ ਕਿਸੇ ਨਸ਼ੇ ਦਾ ਸੇਵਨ ਨਹੀਂ ਕਰਨਾ। ਮਨ ਵਿਚ ਵਿਸ਼ੇ ਵਿਕਾਰਾਂ ਦਾ ਖਿਆਲ ਨਹੀਂ ਲਿਆਉਣਾ। ਚੰਗੇ ਸਾਫ਼ ਸੁਥਰੇ ਕਪੜੇ ਪਾਉਣੇ। ਜੇਕਰ ਸਰੋਵਰ ਦੇ ਕਿਨਾਰੇ ਜਾਂ ਨਦੀ ਦੇ ਕਿਨਾਰੇ ਹੋਵੇ ਤਾਂ ਬਹੁਤ ਅੱਛਾ ਹੈ, ਕਿਉਂਕਿ ਉਹ ਇਕਾਂਤ ਜਗ੍ਹਾ ਹੈ। ਧੂਫ, ਅਗਰਬੱਤੀ ਜ਼ਰੂਰ ਧੁਖਾਣੀ। ਜਿਥੇ ਇਕ ਜਗ੍ਹਾ ਤੇ ਆਸਣ ਲਗਾ ਕੇ ਸ਼ਬਦ ਪੜ੍ਹਣਾ ਹੈ, ਓਥੇ ਹੀ ਹਰ ਰੋਜ਼ ਆਸਣ ਹੋਣਾ ਚਾਹੀਦਾ ਹੈ। ਜਗ੍ਹਾ ਨਹੀਂ ਬਦਲਣੀ। ਜਿਸ ਟਾਇਮ ਤੇ ਸ਼ਬਦ ਪੜ੍ਹਣਾ ਸ਼ੁਰੂ ਕਰਨਾ ਹੈ, ਹਰ ਰੋਜ਼ ਓਸ ਟਾਇਮ ਤੇ ਹੀ ਸ਼ੁਰੂ ਕਰਨਾ ਹੈ। ਸਤਿਗੁਰ ਜੀ ਅਗੇ ਅਰਦਾਸ ਕਰਕੇ ਸ਼ਬਦ ਪੜ੍ਹਣਾ ਸ਼ੁਰੂ ਕਰਨਾ ਕਾਰਜ ਦੀ ਪੂਰਤੀ ਲਈ। ਸਤਿਗੁਰੂ ਜੀ ਆਪ ਸਹਾਇਤਾ ਕਰਨਗੇ। ਜਿਸ ਕਾਰਜ ਲਈ ਸ਼ਬਦ ਪੜ੍ਹਣਾ ਹੋਵੇ, ਉਹ ਸ਼ਬਦ ਤੇ ਉਸਦੀ ਵਿਧੀ ਪੂਰੀ ਲਿਖੀ ਹੋਈ ਹੈ। ਕੋਲ ਪਾਣੀ ਦਾ ਗੜਵਾ ਭਰਕੇ ਰਖਿਆ ਜਾਵੇ, ਦੇਸੀ ਘਿਓ ਦੀ ਜੋਤ ਜਗਾਈ ਜਾਵੇ। ਮਨ ਨੂੰ ਇਕਾਗਰ ਕੀਤਾ ਜਾਵੇ। ਇਸ ਤਰ੍ਹਾਂ ਵਿਧੀ ਅਨੁਸਾਰ ਸ਼ਬਦ ਦਾ ਪਾਠ ਕਰਨਾ। ਨਿਰੰਕਾਰ ਆਪ ਦੀਆਂ ਮਨੋ-ਕਾਮਨਾਂ ਪੂਰੀਆਂ ਕਰੇਗਾ।

—ਸੰਗ੍ਰਹਿ ਕਰਤਾ

SIKHBOOKCLUB.COM

# ਕਥਾ ਉਪਦੇਸ਼ ਸਾਗਰ

*(ਗਿ: ਭਗਤ ਸਿੰਘ ਜੀ)*

ਇਸ ਪੁਸਤਕ ਵਿਚ ਸੰਸਾਰ ਦੇ ਧਰਮਾਂ ਦੀ ਵਾਕਫੀਅਤ ਹੈ। ਪ੍ਰਮੇਸ਼ਰ, ਗੁਰੂ, ਸੰਗਤ, ਖਿਮਾਂ, ਸ਼ਾਂਤੀ, ਸ਼ਰਮ, ਕਾਮ, ਕਰੋਧ, ਲੋਭ, ਮੋਹ ਹੰਕਾਰ ਆਦਿ ਕੀ ਹਨ? ਇਸ ਪੁਸਤਕ ਵਿਚ ਬੜੇ ਵਿਸਥਾਰ ਨਾਲ ਗੁਰਬਾਣੀ ਦੀਆਂ ਤੁੱਕਾਂ ਦੇ ਕੇ ਪ੍ਰਮਾਣਾਂ ਸਹਿਤ ਦੱਸਿਆ ਗਿਆ ਹੈ। ਇਸ ਵਿਚ ਅਲਗ ਅਲਗ ਵਿਸ਼ਿਆਂ ਦੇ 183 ਸਾਖੀਆਂ ਦਰਜ ਹਨ।

### ਜੀਵਨ ਇਲਾਹੀ ਜੋਤ

# ਬਾਬਾ ਨੰਦ ਸਿੰਘ ਜੀ

## ਮਹਾਰਾਜ ਕਲੇਰਾਂ ਵਾਲੇ

*(ਸ. ਅਮਰੀਕ ਸਿੰਘ ਗਨੈਸਕ)*

ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਇਕ ਪੂਜਨੀਕ ਉੱਘੇ ਸੰਤ ਹੋਏ ਹਨ। ਉਨ੍ਹਾਂ ਦੀ ਜੀਵਨੀ ਬੜੇ ਰੌਚਿਕ ਢੰਗ ਨਾਲ ਲਿਖੀ ਗਈ ਹੈ। ਸਾਰੀ ਜੀਵਨੀ ਬਾਰ੍ਹਾਂ ਭਾਗਾਂ ਵਿਚ ਛਾਪੀ ਜਾ ਰਹੀ ਹੈ। ਹੁਣ ਤਕ ਨੌਂ ਭਾਗ ਛਪ ਚੁੱਕੇ ਹਨ।

*ਜਿਲਦ ਪਹਿਲੀ*

(ਭਾਗ ਇਕ,ਦੋ ਅਤੇ ਤਿੰਨ)

*ਜਿਲਦ ਦੂਸਰੀ*

(ਭਾਗ ਚਾਰ, ਪੰਜ ਅਤੇ ਛੇ)

*ਜਿਲਦ ਤੀਸਰੀ*

(ਭਾਗ ਸੱਤ, ਅੱਠ ਅਤੇ ਨੌਂ)

*ਅਲੱਗ ਅਲੱਗ ਭਾਗ ਵੀ ਮਿਲਦੇ ਹਨ।*

### ਸਚਿੱਤਰ ਜੀਵਨ ਸਾਖੀਆਂ

# ਗੁਰੂ ਗੋਬਿੰਦ ਸਿੰਘ ਜੀ

*(ਡਾ: ਅਜੀਤ ਸਿੰਘ ਔਲਖ)*

ਇਸ ਸਚਿੱਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਜੀਵਨ ਨੂੰ ਰੰਗੀਨ ਤਸਵੀਰਾਂ ਰਾਹੀਂ ਪੇਸ਼ ਕੀਤਾ ਗਿਆ ਹੈ।

### ਸਚਿੱਤਰ ਜੀਵਨ ਸਾਖੀਆਂ

# ਗੁਰੂ ਨਾਨਕ ਦੇਵ ਜੀ

*(ਡਾ: ਅਜੀਤ ਸਿੰਘ ਔਲਖ)*

ਇਸ ਸਚਿੱਤਰ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੇ ਆਰੰਭਕ ਜੀਵਨ ਤੋਂ ਅੰਤਿਮ ਉਦਾਸੀਆਂ ਅਤੇ ਕਰਤਾਰਪੁਰ ਵਿਖੇ ਵੱਸਣ ਦਾ ਹਾਲ ਰੰਗੀਨ ਤਸਵੀਰਾਂ ਰਾਹੀਂ ਬੜੇ ਰੌਚਿਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਡੀਲਕਸ ਜਿਲਦ

### ਵਚਿੱਤਰ ਜੀਵਨ

# ਦਸ ਪਾਤਸ਼ਾਹੀਆਂ

*(ਸੋਢੀ ਤੇਜਾ ਸਿੰਘ)*

ਭਾਈ ਸੰਤੋਖ ਸਿੰਘ ਜੀ ਦੀ ਅਮਰ ਰਚਨਾ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਦਸਾਂ ਗੁਰੂ ਸਹਿਬਾਨ ਦੀਆਂ ਜੀਵਨੀਆਂ ਦਾ ਵੇਰਵਾ ਬੜੇ ਵਿਸਥਾਰ ਵਿਚ ਦਿੱਤਾ ਗਿਆ ਹੈ।

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

## ਤੇ

# ਗੁਰੂ ਤੇਗ ਬਹਾਦਰ ਸਾਹਿਬ

*(ਡਾ. ਅਜੀਤ ਸਿੰਘ ਔਲਖ)*

ਇਸ ਸਚਿੱਤਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਸੰਬੰਧੀ ਪੰਜਾਹ ਸਾਖੀਆਂ ਦਿੱਤੀਆਂ ਗਈਆਂ ਹਨ। ਹਰ ਸਾਖੀ ਦੇ ਨਾਲ ਵੀ ਰੰਗਦਾਰ ਤਸਵੀਰਾਂ ਦਿੱਤੀਆ ਹਨ। ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ

## 108 ਮਣਕੇ

*(ਸੰਤਰੇਣ ਗਿਆਨੀ ਸੁਖਬੀਰ ਸਿੰਘ)*

ਆਪ ਜੀ ਅਧਿਆਤਮਕ ਗਿਆਨ ਦੇ ਇਕ ਪ੍ਰਸਿੱਧ ਵਿਦਵਾਨ ਹਨ। ਇਸ ਪੁਸਤਕ ਵਿਚ 108 ਇਲਾਹੀ ਸਿਮਰਣ ਦੇ ਮਣਕਿਆਂ ਦਾ ਪ੍ਰਤੀਕ ਲੈ ਕੇ ਇਸ ਨੂੰ 108 ਕਾਂਡਾਂ ਭਾਵ ਬਿਰਤੀਆਂ ਵਿਚ ਵੰਡਿਆ ਹੈ। ਹਰ ਕਾਂਡ ਵਿਚ ਸਿੱਖੀ ਸਿਧਾਂਤ ਨਾਲ ਸੰਬੰਧਿਤ ਵੱਖ ਵੱਖ ਵਿਸ਼ਿਆਂ ਨੂੰ ਰੌਚਕ ਸਾਖੀਆਂ ਦੇ ਪ੍ਰਮਾਣ ਦੇ ਕੇ ਸਪੱਸ਼ਟ ਕੀਤਾ ਹੈ।

ੴ ਸਤਿਗੁਰ ਪ੍ਰਸਾਦਿ ॥

ਸਭ ਤੋਂ ਵੱਡਾ, ਪੁਰਾਤਨ ਤੇ ਅਸਲੀ

ਭਾਈ ਮਨੀ ਸਿੰਘ ਜੀ ਵਾਲਾ

## ਗੁਰ ਸ਼ਬਦ ਸਿਧੀ

# ਸ਼ਰਧਾ ਪੂਰਨ

ਅਰਥਾਤ

SIKHBOOKCLUB.COM

# ਸੰਕਟ ਮੋਚਨ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਜਪੁ ॥

ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

*ਵਿਧੀ ਤੇ ਮਹਾਤਮ— ਇਸ ਮੂਲ ਮੰਤ੍ਰ ਦਾ ਪਾਠ ਸਵੇਰੇ ਉਠਕੇ, ਇਸ਼ਨਾਨ ਕਰਕੇ, ਸਤਿਗੁਰ ਦੇ ਚਰਨਾਂ ਵਿਚ ਧਿਆਨ ਜੋੜਕੇ ਹਰ ਰੋਜ਼ ੧੦੮ ਵਾਰੀ ਕਰੇ, ੪੧ ਦਿਨ, ਗਿਆਨ ਦੀ ਪ੍ਰਾਪਤੀ ਹੋਵੇ।*

# ਪਹਿਲੀ ਪਉੜੀ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

*ਵਿਧੀ ਤੇ ਮਹਾਤਮ- ਇਸ ਪਉੜੀ ਦਾ ਪਾਠ ਮਨ ਇਕਾਗਰ ਕਰਕੇ ੨੧ ਦਿਨ ਕਰੇ, ਹਰ ਰੋਜ਼ ੧੦੧ ਵਾਰੀ। ਬੁੱਧੀ ਉੱਜਲ ਹੋਵੇ, ਮਨ ਨੂੰ ਸ਼ਾਂਤੀ ਆਵੇ, ਸੋਚਾਂ ਫਿਕਰਾਂ ਤੋਂ ਛੁਟਕਾਰਾ ਹੋਵੇ।*

# ਦੂਜੀ ਪਉੜੀ

SIKHBOOKCLUB.COM

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ਅੰਮ੍ਰਿਤ ਵੇਲੇ ਉਠਕੇ ੧੦੦੦ ਵਾਰੀ ਰੋਜ਼ ਕਰੇ ਇਕੀ ਦਿਨ। ਮਨ ਇਛੇ ਫਲ ਪਾਵੇ। ਖੁਸ਼ੀਆਂ ਪ੍ਰਾਪਤ ਹੋਣ।*

# ਤੀਜੀ ਪਉੜੀ

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

*ਵਿਧੀ ਤੇ ਮਹਾਤਮ- ਜੋ ਇਸ ਪਉੜੀ ਦਾ ਪਾਠ ਸ਼ਰਧਾ ਨਾਲ ੧੦੧ ਵਾਰੀ ੪੧ ਦਿਨ ਰੋਜ਼ ਕਰੇ। ਉਸਨੂੰ ਭਾਗਾਂ ਵਾਲੀ ਇਸਤਰੀ ਮਿਲੇ, ਬੇਅੰਤ ਧੰਨ ਪ੍ਰਾਪਤ ਹੋਵੇ। ਸੁਖੀ ਵੱਸੇ।*

# ਚੌਥੀ ਪਉੜੀ

SIKHBOOKCLUB.COM

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

*ਵਿਧੀ ਤੇ ਮਹਾਤਮ- ਨਿਯਮ ਨਾਲ ਰੋਜ਼, ਸਵੇਰੇ ਅੰਮ੍ਰਿਤ ਵੇਲੇ ਪੰਝੀ ਦਿਨ ਪਾਠ ਕਰੇ, ਇਕਵੰਜਾ ਰੋਜ਼। ਸਤਿਗੁਰ ਮੂੰਹੋਂ ਮੰਗੀਆਂ ਮੁਰਾਦਾਂ ਦੇਵੇ। ਹਰ ਥਾਂ ਉਸਦੀ ਜਿੱਤ ਹੋਵੇ।*

# ਪੰਜਵੀਂ ਪਉੜੀ

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥ ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥

*ਵਿਧੀ ਤੇ ਮਹਾਤਮ-ਇਸ ਪਉੜੀ ਦਾ ਪਾਠ ਸੋਮਵਾਰ ਤੋਂ ਅਰੰਭ ਕਰਕੇ ਸੈਂਤੀ ਦਿਨਾਂ ਵਿਚ ਸੱਤ ਹਜ਼ਾਰ ਕਰੇ। ਕੰਮ ਰਾਸ ਹੋਵਣ।*

## ਛੇਵੀਂ ਪਉੜੀ

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥

SIKHBOOKCLUB.COM

*ਵਿਧੀ ਤੇ ਮਹਾਤਮ - ਜੋ ਇਸ ਪਉੜੀ ਦਾ ਪਾਠ ਐਤਵਾਰ ਨੂੰ ਆਰੰਭ ਕਰੇ। ੨੧ ਹਜ਼ਾਰ ਇਕੀ ਦਿਨਾਂ ਵਿਚ ਪੜ੍ਹੇ। ਉਸਨੂੰ ਘਰ ਬੈਠੇ ਹੀ ਅਠਾਹਠ ਤੀਰਥਾਂ ਦਾ ਫਲ ਮਿਲੇ।*

## ਸਤਵੀਂ ਪਉੜੀ

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥

*ਵਿਧੀ ਤੇ ਮਹਾਤਮ - ਇਸ ਪਉੜੀ ਦੇ ਹਰ ਰੋਜ਼ ਪਾਠ ਕਰਨ ਨਾਲ ਉਮਰ ਲੰਮੀ*

ਹੋਵੇ, ਸੰਸਾਰ ਦੇ ਸਾਰੇ ਸੁਖ ਮਿਲਣ।

# ਅੱਠਵੀਂ ਪਉੜੀ

ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥ ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੮॥

*ਵਿਧੀ ਤੇ ਮਹਾਤਮ-ਇਸ ਪਉੜੀ ਦਾ ਪਾਠ ਬੁਧਵਾਰ ਸਵੇਰੇ ਅਰੰਭ ਕਰੇ। ਰੋਜ਼ ੧੦੮ ਵਾਰੀ ਪੜੇ, ੪੧ ਦਿਨ। ਪਾਪਾਂ ਦਾ ਨਾਸ ਹੋਵੇ, ਦੁਖਾਂ ਤੋਂ ਛੁਟਕਾਰਾ ਮਿਲੇ।*

# ਨੌਵੀਂ ਪਉੜੀ

SIKHBOOKCLUB.COM

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥ ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੯॥

*ਵਿਧੀ ਤੇ ਮਹਾਤਮ - ਇਸ ਪਉੜੀ ਦਾ ੧੦੮ ਵਾਰੀ ੪੦ ਦਿਨ ਪਾਠ ਕਰਨ ਨਾਲ ਸਾਰੇ ਕੰਮ ਰਾਸ ਹੋ ਜਾਂਦੇ ਹਨ। ਸ਼ਾਦੀ ਹੋਵੇ।*

# ਦਸਵੀਂ ਪਉੜੀ

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥ ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੦॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ੧੨੧ ਵਾਰੀ ੨੧ ਦਿਨਾਂ ਵਿਚ ਪਾਠ ਹਰ ਰੋਜ਼ ਕਰੇ। ਦੁਖਾਂ ਤੇ ਪਾਪਾਂ ਦਾ ਨਾਸ ਹੋਵੇ।*

# ਗਿਆਰਵੀਂ ਪਉੜੀ

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥ ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥ ੧੧॥

*ਵਿਧੀ ਤੇ ਮਹਾਤਮ – ਜੋ ਇਸ ਪਉੜੀ ਦਾ ਸਤ ਦਿਨ ਵਿਚ ਸਤ ਹਜ਼ਾਰ ਪਾਠ ਕਰੇ, ਸੂਰਜ ਵਲ ਮੂੰਹ ਕਰੇ। ਉਸਨੂੰ ਸਤਿਗੁਰੂ ਦੇ ਦਰਸ਼ਨ ਹੋਣ। ਸਭ ਫਲ ਮਿਲਣ।*

# ਬਾਰ੍ਹਵੀਂ ਪਉੜੀ

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨ ॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਪਉੜੀ ਦਾ ੪੦ ਦਿਨਾਂ ਵਿਚ ੨੦ ਹਜ਼ਾਰ ਪਾਠ ਕਰੇ, ਸੋਮਵਾਰ ਸਵੇਰ ਤੋਂ ਸ਼ੁਰੂ ਕਰੇ। ਹਰ ਪ੍ਰਕਾਰ ਦੇ ਸੁਖ ਮਿਲਣ।*

# ਤੇਰ੍ਹਵੀਂ ਪਉੜੀ

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

*ਵਿਧੀ ਤੇ ਮਹਾਤਮ – ਜਿਹੜਾ ਇਸ ਪਉੜੀ ਦਾ ਨਿਸਚਾ ਧਾਰਕੇ ੨੧ ਦਿਨਾਂ ਵਿਚ ੨੧੦੦ ਪਾਠ ਕਰੇ, ਭਾਵ ਹਰ ਰੋਜ਼ ੧੦੦੦ ਕਰੇ। ਉਹਦਾ ਜਨਮ ਮਰਨ ਕਟਿਆ ਜਾਵੇਗਾ। ਬੁੱਧੀ ਸੰਤਾਂ ਵਾਲੀ ਹੋ ਜਾਵੇਗੀ।*

# ਚੌਧਵੀਂ ਪਉੜੀ

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਮੰਨੈ ਮਗੁ ਨ ਚਲੈ ਪੰਥੁ॥ ਮੰਨੈ ਧਰਮ ਸੇਤੀ ਸਨਬੰਧੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

*ਵਿਧੀ ਤੇ ਮਹਾਤਮ – ਸਵੇਰੇ ਉੱਠਕੇ ਹਮੇਸ਼ਾਂ ਬੁਧਵਾਰ ਦੇ ਦਿਨ ੧੦੧ ਵਾਰੀ ਇਕਾਂਤ ਵਿਚ ਬੈਠਕੇ ਪਾਠ ਕਰੇ। ਮੁਕੱਦਮਾ ਜਿੱਤੇ, ਵੈਰੀ ਮਿੱਤਰ ਬਨਣ।*

# ਪੰਦ੍ਰਵੀਂ ਪਉੜੀ

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

*ਵਿਧੀ ਤੇ ਮਹਾਤਮ – ਪਰਵਾਰ ਵਿਚ ਸੁਖ ਸ਼ਾਂਤੀ, ਅਨੰਦ ਮਿਲਦਾ ਹੈ, ਇਸ ਪਉੜੀ ਨੂੰ ਹਰ ਰੋਜ਼ ਇਕੀ ਵਾਰੀ ਪੜ੍ਹਿਆਂ।*

# ਸੋਲ੍ਹਵੀਂ ਪਉੜੀ

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥ ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥ ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ

ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥ ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ਜੋ ਤੁਧੁ ਭਾਵੈ ਸਾਈ ਭਲੀ ਕਾਰ ॥ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

*ਵਿਧੀ ਤੇ ਮਹਾਤਮ – ਇਸ ਪਉੜੀ ਦਾ ੧੧ ਦਿਨਾਂ ਵਿਚ ੧੧੦੦ ਪਾਠ ਕਰੇ, ਹਰ ਰੋਜ਼ ੧੦੦ ਕਰੇ। ਰਾਜ ਦਰਬਾਰ ਵਿਚ ਇੱਜ਼ਤ ਮਾਨ ਪਾਵੇ। ਇਸ ਪਉੜੀ ਦਾ ਪਾਠ ਐਤਵਾਰ ਨੂੰ ਸਵੇਰੇ ੬ ਵਜੇ ਅਰੰਭ ਕਰੇ।*

# ਸਤਾਰਵੀਂ ਪਉੜੀ

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥ ਅਸੰਖ ਗਰੰਥ ਮੁਖਿ ਵੇਦ ਪਾਠ॥ਅਸੰਖ ਜੋਗ ਮਨਿ ਰਹਹਿ ਉਦਾਸ॥ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥ ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥ ਕੁਦਰਤਿ ਕਵਣ ਕਹਾ ਵੀਚਾਰੁ॥ਵਾਰਿਆ ਨ ਜਾਵਾ ਏਕ ਵਾਰ॥ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੭॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਪਉੜੀ ਦਾ ਜਾਪ ਸੋਮਵਰ ਤੋਂ ਸ਼ੁਰੂ ਕਰੇ। ੫੦ ਪਾਠ ਰੋਜ਼ ਕਰਨੇ, ੨੧ ਦਿਨ। ਹਰ ਤਰ੍ਹਾਂ ਦੀ ਖ਼ੁਸ਼ੀ ਪ੍ਰਾਪਤ ਹੋਵੇ।*

# ਅਠਾਰਵੀਂ ਪਉੜੀ

ਅਸੰਖ ਮੂਰਖ ਅੰਧ ਘੋਰ॥ਅਸੰਖ ਚੋਰ ਹਰਾਮਖੋਰ॥ਅਸੰਖ ਅਮਰ ਕਰਿ ਜਾਹਿ ਜੋਰ॥ਅਸੰਖ ਗਲਵਢ ਹਤਿਆ ਕਮਾਹਿ॥ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥ ਅਸੰਖ ਮਲੇਛ ਮਲੁ ਭਖਿ ਖਾਹਿ॥ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ਨਾਨਕੁ ਨੀਚੁ ਕਹੈ ਵੀਚਾਰੁ॥

ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੮॥

*ਵਿਧੀ ਤੇ ਮਹਾਤਮ – ਇਸ ਪਉੜੀ ਦਾ ਹਰ ਰੋਜ਼ ੧੧ ਵਾਰੀ ਪਾਠ ਕਰਨ ਨਾਲ ਸਭ ਤਾਪ, ਸੰਤਾਪ, ਭੂਤ ਪ੍ਰੇਤ ਦੀ ਸਾਇਆ ਦੂਰ ਰਵ੍ਹੇ। ਸਰੀਰ ਅਰੋਗ ਰਵ੍ਹੇ।*

## ਉਨੀਵੀਂ ਪਉੜੀ

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੯॥

*ਵਿਧੀ ਤੇ ਮਹਾਤਮ – ਮੰਗਲਵਾਰ ਤੋਂ ਇਸ ਪਉੜੀ ਨੂੰ ਪੜ੍ਹਨਾ ਸ਼ੁਰੂ ਕਰੋ ਐਤਵਾਰ ਤੀਕਰ। ਹਰ ਰੋਜ਼ ੨੧ ਪਾਠ ਇਸ ਪਉੜੀ ਦੇ ਕਰੋ। ਜੋ ਮਨ ਵਿਚ ਧਾਰੋਗੇ, ਉਹ ਮਿਲੇਗਾ।*

## ਵੀਹਵੀਂ ਪਉੜੀ

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ

ਹੁਕਮੀ ਆਵਹੁ ਜਾਹੁ ॥ ੨੦॥

*ਵਿਧੀ ਤੇ ਮਹਾਤਮ — ਬੁਧਵਾਰ ਤੋਂ ਲੈ ਕੇ ਪੰਜ ਹਜ਼ਾਰ ਪਾਠ ੨੦ ਦਿਨਾਂ ਵਿਚ ਕਰਨਾ। ਪੇਸ਼ਾਬ ਦਾ ਰੋਗ, ਗੁਦਾ ਦਾ ਰੋਗ, ਅਧਰੰਗ ਰੋਗ ਦੂਰ ਹੋਵਣ।*

# ਇਕੀਵੀਂ ਪਉੜੀ

ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ਅੰਤਰਗਤਿ ਤੀਰਥਿ ਮਲਿ ਨਾਉ॥ ਸਭਿ ਗੁਣ ਤੇਰੇ ਮੈ ਨਾਹੀ ਕੋਇ॥ ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥ ੨੧॥

*ਵਿਧੀ ਤੇ ਮਹਾਤਮ — ਇਹ ਪਉੜੀ ਹਰ ਰੋਜ ਸਵੇਰੇ ਚਾਰ ਵਜੇ ਇਸ਼ਨਾਨ ਕਰਕੇ ੪੦ ਦਿਨ ਪੜ੍ਹੋ। ਮਾਨ ਵਡਿਆਈ ਮਿਲੇ।*

# ਬਾਈਵੀਂ ਪਉੜੀ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ

ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

*ਵਿਧੀ ਤੇ ਮਹਾਤਮ— ੪੦ ਦਿਨ ਸਵੇਰੇ ਤੇ ਸ਼ਾਮ ੧੦ ਪਾਠ ਪਉੜੀ ਦੇ ਕਰੋ। ਘਰ ਵਿਚ ਸੋਹਣਾ ਤੇ ਜੋਧਾ ਪੁੱਤਰ ਬਲਵਾਨ ਹੋਵੇ।*

# ਤੇਈਵੀਂ ਪਉੜੀ

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥

*ਵਿਧੀ ਤੇ ਮਹਾਤਮ - ੨੧ ਦਿਨ, ੨੧ ਹਜ਼ਾਰ ਪਾਠ ਕਰੋ, ਜਲ ਦੀ ਗੜਵੀ ਭਰਕੇ ਕੋਲ ਰਖੋ। ਪਾਠ ਪੂਰਾ ਹੋਣ ਤੇ ਜਿਸਨੂੰ ਵੀ ਇਸ ਗੜਵੀ ਦਾ ਜਲ ਦਿਓਗੇ, ਸਭ ਤਕਲੀਫਾਂ ਦੂਰ ਹੋਣਗੀਆਂ।*

SIKHBOOKCLUB.COM

# ਚੌਵੀਵੀਂ ਪਉੜੀ

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ ੨੪ ॥

*ਵਿਧੀ ਤੇ ਮਹਾਤਮ – ਇਸ ਪਉੜੀ ਨੂੰ ਪੜ੍ਹਿਆਂ ਸਭ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਦੇ ਚਰਨਾਂ ਵਿਚ ਧਿਆਨ ਜੋੜਕੇ ੪੦ ਦਿਨ ਪੜ੍ਹੋ। ਹਰ ਰੋਜ਼ ੫੦ ਵਾਰੀ।*

# ਪੰਜੀਵੀਂ ਪਉੜੀ

ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

*ਵਿਧੀ ਤੇ ਮਹਾਤਮ – ੪੦ ਦਿਨਾਂ ਵਿਚ ਵੀਹ ਹਜ਼ਾਰ ਪਉੜੀ ਦਾ ਪਾਠ ਕਰੋ। ਧਨ ਦੀ ਪ੍ਰਾਪਤੀ ਹੋਵੇ, ਸੰਸਾਰਕ ਸੁਖ ਮਿਲਣ, ਘਰ ਵਿਚ ਪਦਾਰਥਾਂ ਦੇ ਢੇਰ ਲਗੇ ਰਹਿਣ। ਇਹ ਨਿਸਚੇ ਕਰਕੇ ਜਾਨਣਾ।*

# ਛਬੀਵੀਂ ਪਉੜੀ

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ

ਆਖਹਿ ਇੰਦ॥ ਆਖਹਿ ਗੋਪੀ ਤੈ ਗੋਵਿੰਦ॥ ਆਖਹਿ ਈਸਰ ਆਖਹਿ ਸਿਧ॥ਆਖਹਿ ਕੇਤੇ ਕੀਤੇ ਬੁਧ॥ਆਖਹਿ ਦਾਨਵ ਆਖਹਿ ਦੇਵ॥ਆਖਹਿ ਸੁਰਿ ਨਰ ਮੁਨਿ ਜਨ ਸੇਵ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥ ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥ ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥ ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ ੨੬॥

*ਵਿਧੀ ਤੇ ਮਹਾਤਮ —ਬੁਧਵਾਰ ਤੋਂ ਆਰੰਭ ਕਰੇ ੧੦੮ ਦਿਨ ਰੋਜ਼ ੧੦੮ ਵਾਰ ਪਾਠ ਕਰੇ। ਅਮੁਲ ਵਸਤੂਆਂ ਮਿਲਣ। ਬੈਕੁੰਠ ਦੀ ਪ੍ਰਾਪਤੀ ਹੋਵੇ, ਦੁਸ਼ਮਨਾ ਤੇ ਨਿੰਦਕਾਂ ਦੀ ਹਾਨੀ ਹੋਵੇ।*

# ਸਤਾਈਵੀਂ ਪਉੜੀ

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ

ਧਾਰੇ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥ ੨੭॥

*ਵਿਧੀ ਤੇ ਮਹਾਤਮ – ਇਸ ਪਉੜੀ ਦਾ ਅੰਮ੍ਰਿਤ ਵੇਲੇ ੪੦ ਦਿਨ ੪੦ ਹਜ਼ਾਰ ਪਾਠ ਕਰੇ, ਸਰੀਰ ਦੇ ਭਿਆਨਕ ਰੋਗ ਦੂਰ ਹੋਵਣ ਸੁਖ ਸ਼ਾਂਤੀ ਮਿਲੇ।*

## ਅਠਾਈਂਵੀ ਪਉੜੀ

SIKHBOOKCLUB.COM

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੮॥

*ਵਿਧੀ ਤੇ ਮਹਾਤਮ – ਇਸ ਪਉੜੀ ਦਾ ਪਾਠ ਐਤਵਾਰ ਤੋਂ ਸ਼ੁਰੂ ਕਰਨਾ। ਦਸ ਦਿਨਾਂ ਵਿਚ ਪੰਜ ਹਜ਼ਾਰ ਕਰਨਾ। ਅਤੀਸਾਰ ਤੇ ਸੰਗ੍ਰਹਿਣੀ ਰੋਗ ਨਾਸ ਹੋਵੇ।*

## ਉਨੱਤੀਵੀਂ ਪਉੜੀ

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ

ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

*ਵਿਧੀ ਤੇ ਮਹਾਤਮ – ਵੀਰਵਾਰ ਤੋਂ ਪਉੜੀ ਦਾ ਪਾਠ ਸ਼ੁਰੂ ਕਰੇ, ੧੪ ਦਿਨ। ਹਰ ਰੋਜ਼ ੪੦ ਪਾਠ ਕਰੇ। ਉਸਦੇ ਸਤਿਗੁਰਾਂ ਦੀ ਆਪਾਰ ਬਖਸ਼ਸ਼ ਹੋਵੇਗੀ। ਘਰ ਵਿਚ ਖੁਸ਼ੀਆਂ ਤੇ ਬਹਾਰਾਂ ਰਹਿਣਗੀਆਂ।*

## ਤੀਹਵੀਂ ਪਉੜੀ

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥

*ਵਿਧੀ ਤੇ ਮਹਾਤਮ – ਇਕਤਾਲੀ ਸੌ ਪਾਠ ਕਰੇ ਸ਼ੁਕਰਵਾਰ ਤੋਂ ਲੈ ਕੇ ਜਿੰਨੇ ਦਿਨਾਂ ਵਿਚ ਹੋ ਸਕਣ ਕਰੇ, ਨਿਯਮ ਨਾਲ ਹਰ ਰੋਜ। ਬੁਧ ਨਿਰਮਲ ਹੋਵੇ। ਜਲ ਪਾਸ ਰਖੇ, ਉਸ ਜਲ ਦਾ ਅੰਮ੍ਰਿਤ ਦੇਣ ਨਾਲ ਭੂਤ ਪ੍ਰੇਤ ਦੀ ਛਾਇਆ ਦੂਰ ਹੋਵੇ। ਸੁਕੇ ਬਾਲਕ ਅਰੋਗ ਹੋਵਣ।*

## ਇਕੱਤਵੀਂ ਪਉੜੀ

ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥

*ਵਿਧੀ ਤੇ ਮਹਾਤਮ – ਮੰਗਲਵਾਰ ਪਹਿਰ ਰਾਤ ਰਹਿੰਦੀ ਤੇ ੧੦ ਹਜ਼ਾਰ ਪਾਠ*

*ਕਰੇ। ਕੋਲ ਜਲ ਦਾ ਗੜਵਾ ਰਖੇ। ਇਹ ਜਲ ਜਿਸ ਜਿਸ ਇਸਤ੍ਰੀ ਨੂੰ ਦਿਤਾ ਜਾਵੇ। ਉਸਨੂੰ ਗਰਭ ਠਹਿਰੇ ਤੇ ਸੁੰਦਰ ਪੁੱਤਰ ਪੈਦਾ ਹੋਵੇ।*

# ਬੱਤੀਵੀਂ ਪਉੜੀ

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥ ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥ ੩੨॥

*ਵਿਧੀ ਤੇ ਮਹਾਤਮ – ਇਹ ਪਉੜੀ ੧੦੮ ਵਾਰ, ੪੦ ਦਿਨ ਪੜ੍ਹਣ ਨਾਲ ਜਨਤਾ ਵਿਚ ਸਤਿਕਾਰ ਵਧੇ। ਰਾਜ ਦਰਬਾਰ ਵਿਚ ਉੱਚੀ ਪਦਵੀ ਮਿਲੇ।*

# ਤੇਤੀਵੀਂ ਪਉੜੀ

SIKHBOOKCLUB.COM

ਆਖਣਿ ਜੋਰੁ ਚੁਪੈ ਨਹ ਜੋਰੁ॥ ਜੋਰੁ ਨ ਮੰਗਣਿ ਦੇਣਿ ਨ ਜੋਰੁ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ॥ ਜੋਰੁ ਨ ਜੁਗਤੀ ਛੁਟੈ ਸੰਸਾਰੁ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥ ੩੩॥

*ਵਿਧੀ ਤੇ ਮਹਾਤਮ – ਦਸ ਹਜ਼ਾਰ ਪਾਠ ਕਰੇ ਐਤਵਾਰ ਤੋਂ ਲੈ ਕੇ ਪ੍ਰਾਤਕਾਲ ਸਮੇਂ, ਜੋਤਸ਼ ਵਿਦਿਆ ਦਾ ਗਿਆਨ ਹਾਸਲ ਹੋਵੇ। ਰੋਗ ਮਿਟੇ, ਪੁਤਰ ਦੀ ਪ੍ਰਾਪਤੀ ਹੋਵੇ।*

# ਚੌਤੀਵੀਂ ਪਉੜੀ

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ॥

ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ॥ ੩੪॥

*ਵਿਧੀ ਤੇ ਮਹਾਤਮ—੨੧ ਦਿਨਾਂ ਵਿਚ ਹਰ ਰੋਜ਼ ੧੦੦ ਸੌ ਪਾਠ ਕਰੇ। ਪਰਵਾਰ ਵਿਚ ਸੁਖ ਸ਼ਾਂਤੀ ਵਰਤੇ। ਕਿਸੇ ਕਿਸਮ ਦੀ ਦੁਖ ਤਕਲੀਫ ਨਾ ਰਹ੍ਹੇ।*

## ਪੈਂਤੀਵੀਂ ਪਉੜੀ

ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥ ੩੫॥

*ਵਿਧੀ ਤੇ ਮਹਾਤਮ - ਸਵੇਰੇ ੬ ਵਜੇ ਉਠਕੇ, ਇਸ਼ਨਾਨ ਕਰਕੇ, ਪਵਿੱਤਰ ਬਸਤਰ ਵਿਛਾਕੇ, ਉਸ ਉਪਰ ਆਪ ਆਸਣ ਲਗਾਕੇ ੪੦ ਦਿਨਾਂ ਵਿਚ ੪੦ ਪਾਠ ਹਰ ਰੋਜ਼ ਕਰਨ ਨਾਲ ਅਸਾਧ ਰੋਗ ਦੂਰ ਹੋਵਣ। ਦੇਹੀ ਅਰੋਗ ਹੋਵੇ। ਹਰ ਤਰ੍ਹਾਂ ਦੇ ਪਦਾਰਥ ਦੀ ਪ੍ਰਾਪਤੀ ਹੋਵੇ।*

## ਛਤੀਵੀਂ ਪਉੜੀ

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ

ਪਛੁਤਾਇ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ੩੬॥

*ਵਿਧੀ ਤੇ ਮਹਾਤਮ - ੧੦੮ ਦਿਨ ਰੋਜ਼ ੧੦੮ ਵਾਰ ਜਪਣਾ। ਗਿਆਨ, ਵੈਰਾਗ ਤੇ ਭਗਤੀ ਦੀ ਦਾਤ ਪ੍ਰਾਪਤ ਹੋਵੇ। ਸਭ ਤਰ੍ਹਾਂ ਦੇ ਪਾਪ ਨਾਸ ਹੋਵਣ। ਐਤਵਾਰ ਤੋਂ ਆਰੰਭ ਕਰੇ ਤਾਂ ਗੁਆਚੀ ਚੀਜ਼ ਲਭੇ।*

## ਸੈਂਤੀਵੀਂ ਪਉੜੀ

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ॥ ੩੭॥

*ਵਿਧੀ ਤੇ ਮਹਾਤਮ - ਤੇਰਾਂ ਸੌ ਜਪੇ, ਤੇਰਾਂ ਦਿਨਾਂ ਵਿਚ ਮੰਗਲਵਾਰ ਤੇ ਪ੍ਰਾਤ ਸਮੇਂ। ਪੂਰਬ ਜਨਮ ਦੇ ਪਾਪ ਮਿਟਣ। ਭਾਗ ਉਜਲੇ ਹੋਣ।*

## ਅਠੱਤੀਵੀਂ ਪਉੜੀ

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ

ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

*ਵਿਧੀ ਤੇ ਮਹਾਤਮ – ਪੰਜ ਹਜ਼ਾਰ ਪਾਠ ਕਰਨਾ ੧੦ ਦਿਨ ਸਭ ਮਨੋਰਥ ਪੂਰਨ ਹੋਣ। ਕਾਮ ਕਰੋਧ ਵਸ ਵਿਚ ਹੋਣ।*

## ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

SIKHBOOKCLUB.COM

*ਵਿਧੀ ਤੇ ਮਹਾਤਮ–੨੧ ਦਿਨ ੧੦੮ ਵਾਰ ਜਪਣਾ। ਸਭ ਸੰਤਾਪ ਨਵਿਰਤ ਹੋਣ। ਹਿਰਦਾ ਸ਼ੁਧ ਤੇ ਪਵਿੱਤਰ ਹੋਵੇ। ਪ੍ਰਭੂ ਦੀ ਪ੍ਰਾਪਤੀ ਹੋਵੇ। ਮੁਕਤੀ ਦੀ ਦਾਤ ਪ੍ਰਾਪਤ ਹੋਵੇ।*

ਜਪੁਜੀ ਸਾਹਿਬ ਦਾ ਮਹਾਤਮ ਸੰਪੂਰਨ ਹੋਇਆ।

ਬੋਲੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ

□ □

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩ ਅਨੰਦੁ

### ੧ੴ ਸਤਿਗੁਰ ਪ੍ਰਸਾਦਿ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥ ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥ ੧॥ ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥ ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥ ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥ ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥ ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥ ੨॥ ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥ ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥ ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥ ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥ ੩ ॥ ਸਾਚਾ ਨਾਮੁ ਮੇਰਾ ਆਧਾਰੋ॥ ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥ ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥ ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ॥ ੪॥ ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥ ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥ ਕਹੈ ਨਾਨਕੁ

SIKHBOOKCLUB.COM

ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥ ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥ ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥ ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥ ੪੦॥੧॥

*ਵਿਧੀ ਤੇ ਮਹਾਤਮਾ- ਅਨੰਦੁ ਸਾਹਿਬ ਦਾ ਪਾਠ ਕਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ। ਕਿਸੇ ਵਸਤੂ ਦੀ ਘਾਟ ਨਹੀਂ ਰਹਿੰਦੀ। ਮਨ ਸਦਾ ਖੁਸ਼ ਪ੍ਰਸੰਨ ਚਿਤ ਰਹਿੰਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ।*

SIKHBOOKCLUB.COM

# ਸ਼ਬਦ ਨੰਬਰ ੪੦

ਗੂਜਰੀ ਮਹਲਾ ੫॥ *(ਪੰਨਾ ੪੯੯)*

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥ ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥੧॥ ਠਾਕੁਰ ਹੋਏ ਆਪਿ ਦਇਆਲ॥ ਭਈ ਕਲਿਆਣ ਆਨੰਦ ਰੂਪ ਹੁਈ ਹੈ ਉਬਰੇ ਬਾਲ ਗੁਪਾਲ॥੧॥ ਰਹਾਉ॥ ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਨਿ ਸਭ ਕਾ ਕੀਆ ਉਧਾਰੁ॥੨॥੬॥੧੫॥

*ਵਿਧੀ ਤੇ ਮਹਾਤਮ- ਘਰ ਵਿਚ ਅਨੰਦ ਅਤੇ ਖੁਸ਼ੀਆਂ ਭਰਪੂਰ ਰਹਿਣ ਵਾਸਤੇ ਇਸ ਸ਼ਬਦ ਦਾ ਰੋਜ਼ ਪੰਜ ਸੌ ਪਾਠ ਅੰਮ੍ਰਿਤ ਵੇਲੇ ਚਾਨਣੇ ਪੱਖ ਤੋਂ ਆਰੰਭ ਕਰਕੇ ੨੧ ਦਿਨ ਕਰਨਾ।*

# ਸ਼ਬਦ ਨੰਬਰ ੪੧

ਗਉੜੀ ਮਾਝ ਮਹਲਾ ੪ ॥ (ਪੰਨਾ ੧੭੩)

ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥ ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥ ੩ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ੩੧ ਵਾਰ ਲਗਾਤਾਰ ਪੰਜ ਮੰਗਲਵਾਰ ਪਾਠ ਕਰਨਾ, ਘਰ ਵਿਚ ਸਦਾ ਮੰਗਲ ਤੇ ਖੁਸ਼ੀਆਂ ਬਣੀਆਂ ਰਹਿਣਗੀਆਂ। ਸਤਿਗੁਰੂ ਜੀ ਆਪ ਸਹਾਈ ਹੋਵਣਗੇ।*

# ਸ਼ਬਦ ਨੰਬਰ ੪੨

SIKHBOOKCLUB.COM

ਮਾਝ ਮਹਲਾ ੫ ॥ (ਪੰਨਾ ੯੭)

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ ਸਖੀਏ ਮੰਗਲੁ ਗਾਇਆ ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥ ੧ ॥ ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥ ੨ ॥ ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥ ੩ ॥ ਮਹਿਮਾ ਤਿਸ ਕੀ ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ ਅੰਗਿ ਲਾਏ ॥ ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥ ੪ ॥ ੪ ॥ ੧੧ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਮੰਗਲਵਾਰ ਦੇ ਸਮੇਂ ਪੰਜ ਵੇਰਾਂ ਪਾਠ ਕਰੇ। ਸਮਾਂ ਸੁਹਾਵਣਾ ਹੋਵੇ, ਕੋਈ ਦੁਖ ਨ ਹੋਵੇ। ਸਤਿਗੁਰੂ ਜੀ ਰਖਿਆ ਕਰਨਗੇ। ਚੰਗੀ ਗੁਣਾਂ ਵਾਲੀ ਪਤਨੀ ਮਿਲੇਗੀ।*

# ਸ਼ਬਦ ਨੰਬਰ ੪੩

ਗਉੜੀ ਛੰਤ ਮਹਲਾ ੫ *(ਪੰਨਾ ੨੪੭)*

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥ ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ॥ ਅਨਹਦ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥ ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ॥ ੪ ॥ ੧ ॥

SIKHBOOKCLUB.COM

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਸਵੇਰੇ ਅੰਮ੍ਰਿਤ ਵੇਲੇ ਸੂਰਜ ਵਲ ਮੂੰਹ ਕਰ ਕੇ ਲਗਾਤਾਰ ੧੦ ਦਿਨ ਇਕੀ ਪਾਠ ਰੋਜ਼ ਕਰਨ ਨਾਲ ਘਰ ਵਿਚ ਅਨੰਦ ਮਈ ਸੁਭਾਗ ਦਾ ਸਮਾਂ ਆਉਂਦਾ ਹੈ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਪਾਠ ਕਰਨ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਿਆਨ ਹਿਰਦੇ ਵਿਚ ਵਸਾਉਣ ਨਾਲ ਵਿਸ਼ੇਸ਼ ਲਾਭ ਹੁੰਦਾ ਹੈ।*

(ਪ੍ਰਭੂ ਭਗਤੀ ਵਿਚ ਮਨ ਲਗੇ)

# ਸ਼ਬਦ ਨੰਬਰ ੪੪

ਸਲੋਕ ਸਹਸਕ੍ਰਿਤੀ ਮਹਲਾ ੫ ॥ *(ਪੰਨਾ ੧੩੫੭)*

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ

ਜੁਗਤਿ ਨਿਰਮਲ ਨਿਰਵੈਰਣਹ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਹਿਾਗਿ ਸਗਲ ਰੇਣੁਕਹ ॥ ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥੪੦॥

*ਵਿਧੀ ਤੇ ਮਹਾਤਮ-ਵੀਰਵਾਰ ਤੋਂ ਆਰੰਭ ਕਰਕੇ ਇਸ ਸਲੋਕ ਦੇ ੪੦ ਦਿਨ ਅੰਮ੍ਰਿਤ ਵੇਲੇ ਲਗਾਤਾਰ ਨਿਤਪ੍ਰਤੀ ੪੦ ਪਾਠ ਕਰਨੇ। ਇਸਦਾ ਫਲ ਸਰੂਪ ਆਤਮ ਗਿਆਨ ਦੀ ਪ੍ਰਾਪਤੀ ਹੋਵੇ ਅਤੇ ਰੋਗਾਂ ਦਾ ਨਾਸ ਹੋਵੇ।*

# ਸ਼ਬਦ ਨੰਬਰ ੪੫

ਵਡਹੰਸੁ ਮਹਲਾ ੩॥ *(ਪੰਨਾ ੫੬੦)*

ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ॥ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ॥੧॥ ਸਦਾ ਸੁਖੁ ਸਾਚੈ ਸਬਦਿ ਵੀਚਾਰੀ॥ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ॥੧॥ਰਹਾਉ॥ਅਖੀ ਸੰਤੋਖੀਆ ਏਕ ਲਿਵ ਲਾਇ॥ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥ ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥ ੩॥ ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ॥੪॥੭॥

*ਵਿਧੀ ਤੇ ਮਹਾਤਮ—ਬੁਧਵਾਰ ਤੋਂ ਇਕੀ ਵਾਰ ਇਸ ਸ਼ਬਦ ਦਾ ੪੦ ਦਿਨ ਪਾਠ ਕਰਨਾ। ਚਿੱਤ ਨੂੰ ਸ਼ਾਂਤੀ ਸੰਤੋਖ ਪ੍ਰਾਪਤ ਹੋਵੇ। ਮਨ ਦੀ ਇਕਾਗਰਤਾ ਹੋਵੇ।*

# ਸ਼ਬਦ ਨੰਬਰ ੪੬

ਧਨਾਸਰੀ ਮਹਲਾ ੧ ਆਰਤੀ *(ਪੰਨਾ ੬੬੩)*

ੴ ਸਤਿਗੁਰ ਪ੍ਰਸਾਦਿ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥ ੪ ॥ ੧ ॥ ੭ ॥ ੯ ॥

*ਵਿਧੀ ਤੇ ਮਹਾਤਮ– ਇਸ ਸ਼ਬਦ ਦਾ ਸੋਮਵਾਰ ਤੋਂ ਇਕੀ ਦਿਨਾਂ ਵਿਚ ੨੧ ਹਜ਼ਾਰ ਜਪ ਕਰਨਾ, ਮਨ ਵਿਚ ਗਿਆਨ ਤੇ ਸਹਜ ਸੁਖ ਦੀ ਪ੍ਰਾਪਤੀ ਹੋਵੇ। ਪਾਠ ਸਮੇਂ ਗੁਰੂ ਨਾਨਕ ਦੇਵ ਜੀ ਦਾ ਮਨ ਵਿਚ ਧਿਆਨ ਟਿਕਾਈ ਰਖਣਾ।*

SIKHBOOKCLUB.COM

# ਸ਼ਬਦ ਨੰਬਰ ੪੭

ਮਾਰੂ ਮਹਲਾ ੫ ॥ *(ਪੰਨਾ ੧੦੦੨)*

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥ ੧ ॥ ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥ ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥ ੧ ॥ ਰਹਾਉ ॥ ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥ ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ੨ ॥ ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ

ਸਮਾਇਆ ਥਾ॥ ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ॥ ੩ ॥ ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ॥ ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ॥ ੪ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਐਤਵਾਰ ਤੋਂ ਚਾਲੀ ਦਿਨਾਂ ਵਿਚ ਪੰਜ ਹਜ਼ਾਰ ਪਾਠ ਕਰਨ ਨਾਲ ਆਤਮ ਗਿਆਨ ਪ੍ਰਾਪਤ ਹੁੰਦਾ ਹੈ। ਜੇ ਇਸ ਨੂੰ ਰੋਜ਼ਾਨਾ (ਪ੍ਰਗਟ) ਚਾਲੀ ਵਾਰ ਜਪੇ ਤਾਂ ਗਵਾਚੀ ਹੋਈ ਵਸਤੂ ਮਿਲ ਜਾਵੇ।*

# ਸ਼ਬਦ ਨੰਬਰ ੪੮

ਗੋਂਡ ਮਹਲਾ ੫ ॥ *(ਪੰਨਾ ੮੬੩)*

ਨਿਮਾਨੇ ਕਉ ਜੋ ਦੇਤੋ ਮਾਨੁ ॥ ਸਗਲ ਭੂਖੇ ਕਉ ਕਰਤਾ ਦਾਨੁ ॥ ਗਰਭ ਘੋਰ ਮਹਿ ਰਾਖਨਹਾਰੁ ॥ ਤਿਸੁ ਠਾਕੁਰ ਕਉ ਸਦਾ ਨਮਸਕਾਰੁ ॥੧॥ ਐਸੋ ਪ੍ਰਭੁ ਮਨ ਮਾਹਿ ਧਿਆਇ ॥ ਘਟਿ ਅਵਘਟਿ ਜਤ ਕਤਹਿ ਸਹਾਇ॥ ੧॥ ਰਹਾਉ॥ ਰੰਕੁ ਰਾਉ ਜਾ ਕੈ ਏਕ ਸਮਾਨਿ ॥ ਕੀਟ ਹਸਤਿ ਸਗਲ ਪੂਰਾਨ॥ ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ ੨॥ ਜਾ ਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਆਪਿ ਅਕਾਰੁ ਆਪਿ ਨਿਰੰਕਾਰੁ ॥ ਘਟ ਘਟ ਘਟਿ ਸਭ ਘਟ ਆਧਾਰੁ॥ ੩॥ ਨਾਮ ਰੰਗਿ ਭਗਤ ਭਏ ਲਾਲ ॥ ਜਸੁ ਕਰਤੇ ਸੰਤ ਸਦਾ ਨਿਹਾਲ॥ ਨਾਮ ਰੰਗਿ ਜਨ ਰਹੇ ਅਘਾਇ ॥ ਨਾਨਕ ਤਿਨ ਜਨ ਲਾਗੈ ਪਾਇ ॥ ੪ ॥ ੩ ॥ ੫ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ਐਤਵਾਰ ਤੋਂ ਲੈ ਕੇ ੪੦ ਦਿਨਾਂ ਵਿਚ ੧੦ ਸੌ ਪਾਠ ਕਰਨ ਨਾਲ ਜਗਤ ਵਿਚ ਬਹੁਤ ਆਦਰ ਸਤਕਾਰ ਤੇ ਸੋਭਾ ਹੁੰਦੀ ਹੈ। ਜਿਥੇ ਜਾਏ ਉਥੇ ਹੀ ਮਾਨ ਹੁੰਦਾ ਹੈ।*

# ਸ਼ਬਦ ਨੰਬਰ ੪੯

ਗਉੜੀ ਸੁਖਮਨੀ ਮਃ ੫॥ *(ਪੰਨਾ ੨੮੯)*

ਜਾਚਕ ਜਨੁ ਜਾਚੈ ਪ੍ਰਭ ਦਾਨੁ॥ ਕਰਿ ਕਿਰਪਾ ਦੇਵਹੁ ਹਰਿ ਨਾਮੁ॥ ਸਾਧ ਜਨਾ ਕੀ ਮਾਗਉ ਧੂਰਿ॥ ਪਾਰਬ੍ਰਹਮ ਮੇਰੀ ਸਰਧਾ ਪੂਰਿ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ॥ ਚਰਨ ਕਮਲ ਸਿਉ ਲਾਗੈ ਪ੍ਰੀਤਿ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ॥ ਏਕ ਓਟ ਏਕੋ ਆਧਾਰੁ॥ ਨਾਨਕੁ ਮਾਗੈ ਨਾਮੁ ਪ੍ਰਭ ਸਾਰੁ॥ ੧॥

*ਵਿਧੀ ਤੇ ਮਹਾਤਮ- ਇਸ ਸ਼ਬਦ ਦੇ ੧੦ ਪਾਠ ਚਾਨਣੇ ਪੱਖ ਦੀ ਅੱਧੀ ਰਾਤ ਤੋਂ ਆਰੰਭ ਕਰਕੇ ਚਾਲੀ ਦਿਨ ਰੋਜ਼ ਕਰਨੇ। ਇਸ ਨਾਲ ਜਗਤ ਵਿਚ ਬਹੁਤ ਮਾਨ ਵਡਿਆਈ ਮਿਲਦੀ ਹੈ ਅਤੇ ਸਭ ਕੋਈ ਆਦਰ ਕਰਦਾ ਹੈ।*

# ਸ਼ਬਦ ਨੰਬਰ ੫੦

SIKHBOOKCLUB.COM

ਸੂਹੀ ਮਹਲਾ ੪ ਘਰੁ ੭॥ *(ਪੰਨਾ ੭੩੫)*

ੴ ਸਤਿਗੁਰ ਪ੍ਰਸਾਦਿ॥

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥ ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥੧॥ਮੈ ਹਰਿ ਹਰਿ ਨਾਮੁ ਧਰ ਸੋਈ॥ ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ॥੧॥ਰਹਾਉ॥ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥੨॥ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ॥ ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ॥ ੩॥ ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥ ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਨਿ ਸਭੁ ਪੈਰੀ ਪਾਏ॥੪॥੧॥੧੨॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੨੧ ਪਾਠ ੨੧ ਦਿਨ ਅੰਮ੍ਰਿਤ ਵੇਲੇ ਕਿਸੇ ਵਗਦੇ ਖੂਹ ਨਦੀ ਨਾਲੇ ਪਾਸ ਬੈਠ ਕੇ ਨੇਮ ਨਾਲ ਕਰਨ ਨਾਲ ਪੁਰਸ਼ ਮਾਤਰ ਦਾ ਪ੍ਰਤਾਪ ਸੂਰਜ ਵਾਂਗ ਚਮਕਦਾ ਹੈ ਅਤੇ ਸਭ ਥਾਵਾਂ ਵਿਚ ਸੋਭਾ ਪਾਉਂਦਾ ਹੈ।*

## ਸ਼ਬਦ ਨੰਬਰ ੫੧

ਸਵਈਏ ਮਹਲੇ ਪਹਿਲੇ ਕੇ ੧ *(ਪੰਨਾ ੧੩੮੯)*

ੴ ਸਤਿਗੁਰ ਪ੍ਰਸਾਦਿ॥

ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥ ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥੧॥ ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ॥ ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ॥ ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ॥ ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥੨॥

SIKHBOOKCLUB.COM

*ਵਿਧੀ ਤੇ ਮਹਾਤਮ– ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ ਇਸ ਸਵਈਏ ਨੂੰ ੧੧ ਵਾਰੀ ਜਪੋ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਭ ਪ੍ਰਵਾਰ ਤੇ ਅਪਾਰ ਕਿਰਪਾ ਹੋਵੇਗੀ।*

## ਸ਼ਬਦ ਨੰਬਰ ੫੨

ਸਵਈਏ ਮਹਲੇ ਦੂਜੇ ਕੇ ੨ *(ਪੰਨਾ ੧੩੯੨)*

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥ ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥ ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥ ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥ ਸੁ ਕਹੁ ਟਲ

*ਜਿਥੇ ਜਾਏ ਉਥੇ ਹੀ ਮਾਨ ਹੁੰਦਾ ਹੈ।*

ਗੁਰੂ ਸੇਵੀਐ ਅਹਿਨਿਸਿ ਸਹਜਿ ਸੁਭਾਇ॥ ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥

*ਵਿਧੀ ਤੇ ਮਹਾਤਮ-ਇਸ ਸਵਈਏ ਨੂੰ ਹਰ ਰੋਜ਼ ੩੧ ਵਾਰੀ ਜਪਣ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਸਰਬ ਪਾਪ ਨਾਸ ਹੋ ਜਾਂਦੇ ਹਨ, ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਵਿਕਾਰ ਨਵਿਰਤ ਹੋ ਜਾਂਦੇ ਹਨ। ਹਰ ਪ੍ਰਕਾਰ ਦੇ ਦੁਖ ਤੇ ਰੋਗ ਦੂਰ ਹੋ ਜਾਂਦੇ ਹਨ।*

## ਸ਼ਬਦ ਨੰਬਰ ੫੩

ਸਵਈਏ ਮਹਲੇ ਤੀਜੇ ਕੇ ੩ *(ਪੰਨਾ ੧੩੯੬)*

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥ ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥ ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥੧॥੨੨॥

*ਵਿਧੀ ਤੇ ਮਹਾਤਮ-ਇਸ ਸਵਈਏ ਨੂੰ ਹਰ ਰੋਜ਼ ੧੧ ਵਾਰੀ ਜਪਣ ਨਾਲ ਸ੍ਰੀ ਗੁਰੂ ਅਮਰਦਾਸ ਜੀ ਦੇ ਦਰੋਂ ਘਰੋਂ ਸਰਬ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ਬੇਅੰਤ ਮਾਇਆ ਘਰ ਵਿਚ ਆਉਂਦੀ ਹੈ।*

## ਸ਼ਬਦ ਨੰਬਰ ੫੪

ਸਵਈਏ ਮਹਲੇ ਚਉਥੇ ਕੇ ੪ *(ਪੰਨਾ ੧੪੦੬)*

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ

ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥

*ਵਿਧੀ ਤੇ ਮਹਾਤਮ- ਇਸ ਸਵਈਏ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਇਕਾਗਰ ਚਿਤ ਹੋਕੇ ੩੧ ਵਾਰ ਰੋਜਾਨਾ ਜਪੋ। ਸਤਿਗੁਰੂ ਰਾਮਦਾਸ ਜੀ ਦੀ ਗੁਰਸਿਖ ਤੇ ਅਪਾਰ ਕਿਰਪਾ ਹੋਵੇਗੀ। ਹਰ ਸਮੇਂ ਪੈਜ ਰਖੇਗਾ।*

## ਸ਼ਬਦ ਨੰਬਰ ੫੫

ਸਵਈਏ ਮਹਲੇ ਪੰਜਵੇਂ ਕੇ ੫ *ਪਨਾ ੧੪੦੯*

ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ ॥ ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥ ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥ ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ ॥ ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥੧੯॥

SIKHBOOKCLUB.COM

*ਵਿਧੀ ਤੇ ਮਹਾਤਮ-ਇਸ ਸਵਈਏ ਨੂੰ ਹਰ ਰੋਜ਼ ੨੧ ਵਾਰੀ ਜਪੋ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਸਭ ਦੁਖ, ਗਰੀਬੀ ਨਾਸ ਹੋ ਜਾਏਗੀ। ਪ੍ਰਭੂ ਦੇ ਪ੍ਰਤੱਖ ਦਰਸ਼ਨ ਹੋਣਗੇ।*

## ਸ਼ਬਦ ਨੰਬਰ ੫੬

ਸੋਰਠਿ ਮਹਲਾ ੫ ਘਰੁ ੩ ਦੁਪਦੇ *(ਪੰਨਾ ੬੨੫)*

ੴ ਸਤਿਗੁਰ ਪ੍ਰਸਾਦਿ ॥

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥ ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ

ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ ੨ ॥ ੧ ॥ ੬੫ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਇਸ਼ਨਾਨ ਕਰਕੇ ੨੧ ਵਾਰ ਹਰ ਰੋਜ਼ ਲਗਾਤਾਰ ਪਾਠ ਕਰਨ ਨਾਲ ਸ੍ਰੀ ਅੰਮ੍ਰਿਤਸਰ ਜੀ ਦੇ ਸਰੋਵਰ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ ਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਅਪਾਰ ਕਿਰਪਾ ਨਾਲ ਸਰਬ ਦੁਖ, ਕਲੇਸ਼ ਤੇ ਪਾਪ ਨਾਸ ਹੋ ਜਾਂਦੇ ਹਨ।*

## ਸ਼ਬਦ ਨੰਬਰ ੫੭

ਧਨਾਸਰੀ ਮਹਲਾ ੪ ॥ *(ਪੰਨਾ ੬੬੯)*

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥ ੨ ॥ ੬ ॥ ੧੨ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਨੂੰ ੪੦ ਦਿਨ ੨੧ ਵਾਰੀ ਹਰ ਰੋਜ਼ ਜਪਣ ਨਾਲ ਮਨ ਦੀਆਂ ਸਭ ਇਛਾਵਾਂ ਪੂਰਨ ਹੁੰਦੀਆਂ ਹਨ। ਸੰਸਾਰ ਵਿਚ ਵਡਿਆਈ ਤੇ ਸਤਿਕਾਰ ਮਿਲਦਾ ਹੈ। ਸਭ ਦੁਖ ਕਲੇਸ਼ ਤੇ ਰੋਗ ਨਵਿਰਤ ਹੋ ਜਾਂਦੇ ਹਨ।*

## ਸ਼ਬਦ ਨੰਬਰ ੫੮

ਸਵਈਏ ਮਹਲੇ ਤੀਜੇ ਕੇ ੩ *(ਪੰਨਾ ੧੩੯੫)*

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥ ਸਰਬ

ਚਿੰਤ ਤੁਝੁ ਪਾਸਿ ਸਾਧਸੰਗਤਿ ਹਉ ਤਕਉ ॥ ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥ ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥ ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥ ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ ॥ ੪ ॥ ੧ ॥

*ਵਿਧੀ ਤੇ ਮਹਾਤਮ-ਇਸ ਸਵੱਯੇ ਦੇ ਇਕੀ ਦਿਨ ੧੦ ਪਾਠ ਹਰ ਰੋਜ਼ ਕਰਨ ਨਾਲ ਮਨ ਦੀ ਚਿੰਤਾ ਤੇ ਕਲ੍ਹਾ ਕਲੇਸ਼ ਨਾਸ ਹੁੰਦੀ ਹੈ।*

## ਸ਼ਬਦ ਨੰਬਰ ੫੯

ਸੋਰਠਿ ਮਹਲਾ ੫ ॥ *(ਪੰਨਾ ੬੨੮)*

ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਸ਼ੁਕਲਾ ਪੱਖ ਵਿਚ ਹਰ ਰੋਜ਼ ਇਕ ਸੌ ਇਕ ਵਾਰ ਲਗਾਤਾਰ ੧੧ ਦਿਨ ਪਾਠ ਕਰਨ ਨਾਲ ਸੁੰਦਰ ਪੁੱਤਰ ਉਤਪੰਨ ਹੁੰਦਾ ਹੈ। ਘਰ ਵਿਚ ਲੜਕੇ ਲੜਕੀ ਦੇ ਸ਼ਗਨਾਂ ਸੰਬੰਧੀ ਖੁਸ਼ੀਆਂ ਦੇ ਕਾਰਜ ਹੁੰਦੇ ਹਨ।*

## ਸ਼ਬਦ ਨੰਬਰ ੬੦

ਮਾਝ ਮਹਲਾ ੫ *ਦਿਨ ਰੈਣਿ* *(ਪੰਨਾ ੧੩੬)*

ੴ ਸਤਿਗੁਰ ਪ੍ਰਸਾਦਿ ॥

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥ ਜਨਮ ਜਨਮ ਕਾ

ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥ ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥ ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥ ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥ ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥ ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧॥

*ਵਿਧੀ ਤੇ ਮਹਾਤਮ-ਏਸ ਸ਼ਬਦ ਦੇ ੨੧ ਪਾਠ ਰੋਜ਼ ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਆਦਿਕ ਕਰਕੇ ਕਰੇ ਤਾਂ ਸਭ ਤਰ੍ਹਾਂ ਦੀ ਰਖਿਆ ਹੋਵੇ ਸਰੀਰ ਅਰੋਗ ਸੁਖੁ ਹੋਵੇ।*

## ਸ਼ਬਦ ਨੰਬਰ ੬੧

ਗਉੜੀ ਬੈਰਾਗਣਿ ਮਹਲਾ ੪ ॥ *(ਪੰਨਾ ੧੬੫)*

ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ ॥ ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥੧॥

*ਵਿਧੀ ਤੇ ਮਹਾਤਮ-ਏਸ਼ ਸ਼ਬਦ ਦਾ ਪਾਠ ਪੰਜ ਵਾਰੀ ਵਣਜ, ਵਪਾਰ ਆਦਿਕ ਕਰਨ ਤੋਂ ਪਹਿਲੇ ਕਰੇ ਤਾਂ ਵਣਜ ਸਮੇਂ ਲਾਭ ਹੋਵੇ।*

## ਸ਼ਬਦ ਨੰਬਰ ੬੨

ਗਉੜੀ ਬੈਰਾਗਣਿ ਮਹਲਾ ੪ ॥ *(ਪੰਨਾ ੧੬੫)*

ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ ॥ ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥ ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥੧॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਪਾਠ ੪੧ ਵਾਰੀ ਰੋਜ਼ ਕਰੇ ਪ੍ਰਮਾਤਮਾ ਸਭ ਪ੍ਰਕਾਰ ਦੀ ਰਖਿਆ ਕਰਨਗੇ।*

SIKHBOOKCLUB.COM

# ਸ਼ਬਦ ਨੰਬਰ ੬੩

ਗਉੜੀ ਗੁਆਰੇਰੀ ਮਹਲਾ ੪ ॥ *(ਪੰਨਾ ੧੬੬)*

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥ ੧ ॥

*ਵਿਧੀ ਤੇ ਮਹਾਤਮ-ਜੋ ਇਸ ਸ਼ਬਦ ਦਾ ਪਾਠ ਖੇਤੀ ਬੀਜਣਦੇ ਸਮੇਂ ਪੰਜ ਵਾਰੀ ਕਰੇ ਉਸਦੀ ਫਸਲ ਬਹੁਤ ਹੋਵੇ।*

# ਸ਼ਬਦ ਨੰਬਰ ੬੪

ਗਉੜੀ ਗੁਆਰੇਰੀ ਮਹਲਾ ੫ ॥ *(ਪੰਨਾ ੧੮੨)*

ਜਾ ਕੈ ਵਸਿ ਖਾਨ ਸੁਲਤਾਨ ॥ ਜਾ ਕੈ ਵਸਿ ਹੈ ਸਗਲ ਜਹਾਨ ॥ ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਤੇ ਬਾਹਰਿ ਨਾਹੀ ਕੋਇ ॥ ੧ ॥ ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ ॥ ਕਾਜ ਤੁਮਾਰੇ ਦੇਇ ਨਿਬਾਹਿ ॥ ੧ ॥ ਰਹਾਉ ॥

*ਵਿਧੀ ਤੇ ਮਹਾਤਮ-ਜੋ ਇਸ ਸ਼ਬਦ ਦਾ ਪਾਠ ਇਕ ਹਜ਼ਾਰ ਵਾਰੀ ਸ਼ੁਕ੍ਰਵਾਰ ਤੋਂ ਲੈ ਕੇ ੨੧ ਦਿਨਾਂ ਵਿਚ ਕਰੇ ਤਾਂ ਹਾਕਮ ਮੇਹਰਬਾਨ ਹੋਵੇ, ਨੌਕਰੀ ਵਿਚ ਤਰੱਕੀ ਹੋਵੇ।*

# ਸ਼ਬਦ ਨੰਬਰ ੬੫

ਗਉੜੀ ਗੁਆਰੇਰੀ ਮਹਲਾ ੫ ॥ *(ਪੰਨਾ ੧੮੫)*

ਹਮ ਧਨਵੰਤ ਭਾਗਠ ਸਚ ਨਾਇ ॥ ਹਰਿ ਗੁਣ ਗਾਵਹ ਸਹਜਿ ਸੁਭਾਇ ॥ ੧ ॥ ਰਹਾਉ ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥

*ਵਿਧੀ ਤੇ ਮਹਾਤਮ- ਜੋ ਇਸ ਸ਼ਬਦ ਦਾ ਪਾਠ ੪੦ ਹਜ਼ਾਰ ਵਾਰ ਸੋਮਵਾਰ ਤੋਂ ਲੈ ਕੇ ੪੦ ਦਿਨਾਂ ਵਿਚ ਕਰੇ ਤਾਂ ਧਨ ਆਦਿਕ ਪ੍ਰਾਪਤ ਹੋਵੇ।*

# ਸ਼ਬਦ ਨੰਬਰ ੬੬

ਸੂਕੇ ਹਰੇ ਕੀਏ ਖਿਨ ਮਾਹੇ॥ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ ਕਾਟੇ ਕਸਟ ਪੂਰੇ ਗੁਰਦੇਵ॥ ਸੇਵਕ ਕਉ ਦੀਨੀ ਅਪੁਨੀ ਸੇਵ॥ ੧॥ ਰਹਾਉ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ੨੧ ਵਾਰੀ ਰੋਜ਼ ਮੰਗਲਵਾਰ ਦੇ ਦਿਨ ਤੋਂ ਕਰੇ ਤਾਂ ਹਰ ਤਰ੍ਹਾਂ ਦਾ ਕਸ਼ਟ ਆਦਿ ਦੂਰ ਹੋਵੇ। ਸੁਕਾ ਬੱਚਾ ਹਰਿਆ ਹੋਵੇ।*

SIKHBOOKCLUB.COM

# ਸ਼ਬਦ ਨੰਬਰ ੬੭

ਤਾਪ ਗਏ ਪਾਈ ਪ੍ਰਭਿ ਸਾਂਤਿ॥ਸੀਤਲ ਭਏ ਕੀਨੀ ਪ੍ਰਭ ਦਾਤਿ॥੧॥ ਪ੍ਰਭ ਕਿਰਪਾ ਤੇ ਭਏ ਸੁਹੇਲੇ॥ਜਨਮ ਜਨਮ ਕੇ ਬਿਛਰੇ ਮੇਲੇ॥੧॥ਰਹਾਉ॥

*ਵਿਧੀ ਤੇ ਮਹਾਤਮ-ਏਸ ਸ਼ਬਦ ਦਾ ਪਾਠ ੫੦ ਵਾਰੀ ਕਰਨ ਨਾਲ ਹਰ ਪ੍ਰਕਾਰ ਦਾ ਬੁਖਾਰ ਤੇ ਰੋਗ ਹਟਦਾ ਹੈ ਸੇਹਤ ਚੰਗੀ ਹੁੰਦੀ ਹੈ।*

# ਸ਼ਬਦ ਨੰਬਰ ੬੮

ਜਿਨਿ ਕੀਤਾ ਮਾਟੀ ਤੇ ਰਤਨੁ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ॥ ਜਿਨਿ ਦੀਨੀ ਸੋਭਾ ਵਡਿਆਈ॥ ਤਿਸੁ ਪ੍ਰਭ ਕਉ ਆਠ ਪਹਰ ਧਿਆਈ॥੧॥

*ਵਿਧੀ ਤੇ ਮਹਾਤਮ-ਏਸ ਸ਼ਬਦ ਦਾ ਪਾਠ ੨੧ ਵਾਰੀ ਬੱਚਾ ਪੈਦਾ ਹੋਣ ਦੇ ਸਮੇਂ ਤੇ ਸੂਤਕ ਦੇ ਦਿਨਾਂ ਵਿਚ ਰੋਜ਼ ਕਰੇ ਹਰ ਪ੍ਰਕਾਰ ਦੀ ਰਖਿਆ ਹੋਵੇ।*

# ਸ਼ਬਦ ਨੰਬਰ ੬੯

ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭੁ ਕਿਰਪਾ ਤੇ ਨਾਮੁ ਧਿਆਈਐ ॥ ਪ੍ਰਭੁ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥ ੧ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਪਾਠ ੨੧ ਵਾਰੀ ਕਰਨ ਨਾਲ ਸਤਿਸੰਗ ਦੀ ਪ੍ਰਾਪਤੀ ਹੋਵੇ, ਨਾਮ ਵਿਚ ਬਿਰਤੀ ਲਗੇ।*

# ਸ਼ਬਦ ਨੰਬਰ ੭੦

ਗਉੜੀ ਮਹਲਾ ੫ ॥ *(ਪੰਨਾ ੧੯੪)*

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਆਨੰਦ ਨਿਵਾਸੇ ॥ ੧ ॥ ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥ ੧ ॥ ਰਹਾਉ ॥

SIKHBOOKCLUB.COM

*ਵਿਧੀ ਤੇ ਮਹਾਤਮ- ਜੋ ਇਸ ਸ਼ਬਦ ਦਾ ਪਾਠ ੪੧ ਵਾਰੀ ਰੋਜ਼ ਕਰੇ ਤਾਂ ਉਸ ਦੀ ਚਿੰਤਾ ਫਿਕਰ, ਬੀਮਾਰੀ, ਮੁਕੱਦਮਾ ਆਦਿਕ ਕਸ਼ਟ ਦੂਰ ਹੋਵਣ।*

# ਸ਼ਬਦ ਨੰਬਰ ੭੧

ਗਉੜੀ ਮਹਲਾ ੫ ॥ *(ਪੰਨਾ ੨੦੦)*

ਸਾਂਤਿ ਭਈ ਗੁਰ ਗੋਬਿਦਿ ਪਾਈ ॥ ਤਾਪ ਪਾਪ ਬਿਨਸੇ ਮੇਰੇ ਭਾਈ ॥ ੧ ॥ ਰਹਾਉ ॥ ਰਾਮ ਨਾਮੁ ਨਿਤ ਰਸਨ ਬਖਾਨ ॥ ਬਿਨਸੇ ਰੋਗ ਭਏ ਕਲਿਆਨ ॥ ੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ੨੧ ਵਾਰੀ ਰੋਜ਼ ਕਰੇ ਬੁਧਵਾਰ ਤੋਂ ਤਾਂ ਹਰ ਪ੍ਰਕਾਰ ਦੇ ਰੋਗ ਦੂਰ ਹੋਵਣ।*

# ਸ਼ਬਦ ਨੰਬਰ ੭੨

ਗਉੜੀ ਮਹਲਾ ੫ ॥ (ਪੰਨਾ ੨੦੦)

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥ ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥ ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥ ੨ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਇਕ ਹਜ਼ਾਰ ਪਾਠ ਐਤਵਾਰ ਦੇ ਦਿਨ ਤੋਂ ਕਰੇ ਤਾਂ ਬਾਲਕ ਦੀ ਸੀਤਲਾ ਦੂਰ ਹੋਵੇ॥ ਸੁਖੀ ਰਵ੍ਹੇ॥*

# ਸ਼ਬਦ ਨੰਬਰ ੭੩

ਗਉੜੀ ਗਆਰੇਰੀ ਮਹਲਾ ੫ ॥ (ਪੰਨਾ ੧੮੧)

SIKHBOOKCLUB.COM

ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥ ੧ ॥ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ ਮੇਰੇ ਖਾਨ ॥ ੧ ॥ ਰਹਾਉ ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥ ੨ ॥ ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥ ੩ ॥ ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥ ੪ ॥ ੧੮ ॥ ੮੭ ॥

*ਵਿਧੀ ਤੇ ਮਹਾਤਮ- ਜੇ ਕੋਈ ਕੰਮ ਕਿਸੇ ਕਾਰਨ ਰੁਕ ਜਾਵੇ ਤਾਂ ਇਸ ਸ਼ਬਦ ਦੇ ੨੧ ਦਿਨ ਨੇਮ ਨਾਲ ੨੧ ਪਾਠ ਰੋਜ਼ ਕਰਨ ਨਾਲ ਵਿਗੜੇ ਕੰਮ ਸੌਰ ਜਾਣ।*

# ਸ਼ਬਦ ਨੰਬਰ ੭੪

ਰਾਗੁ ਸੂਹੀ ਮਹਲਾ ੫ ਘਰੁ ੪ *(ਪੰਨਾ ੭੪੫)*

ੴ ਸਤਿਗੁਰ ਪ੍ਰਸਾਦਿ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥ ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥ ਰਹਾਉ॥ ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥ ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥ ੧॥ ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥ ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ ੨॥ ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥ ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥ ੩॥ ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥ ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥ ੪॥ ੧॥ ੪੧॥

*ਵਿਧੀ ਤੇ ਮਹਾਤਮ- ਜਿਹੜਾ ਪੁਰਸ਼ ਇਸ ਸ਼ਬਦ ਦੇ ੩੧ ਪਾਠ ਸਵੇਰੇ ਚੜ੍ਹਦੇ ਸੂਰਜ ਵਲ ਮੂੰਹ ਕਰਕੇ ੩੧ ਦਿਨ ਕਰੇਗਾ, ਉਸਨੂੰ ਰਾਜ ਦਰਬਾਰ ਤੇ ਨਗਰ ਸ਼ਹਿਰ ਵਿਚ ਉੱਚੀ ਪਦਵੀ ਤੇ ਸਤਿਕਾਰ ਮਿਲੇਗਾ। ਘਰ ਵਿਚ ਸਾਰੇ ਸੁਖ ਪ੍ਰਾਪਤ ਹੋਣਗੇ।*

# ਸ਼ਬਦ ਨੰਬਰ ੭੫

ੴ ਸਤਿਗੁਰ ਪ੍ਰਸਾਦਿ॥

ਸਲੋਕ ਮਹਲਾ ੯॥ *(ਪੰਨਾ ੧੪੨੬)*

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥ ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥ ੧॥ ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥ ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥ ੨॥ ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥ ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥ ੩॥ ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥ ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ ੪॥

*ਵਿਧੀ ਤੇ ਮਹਾਤਮ-ਇਸ ਸ਼ਬਦ ਨੂੰ ਹਰ ਰੋਜ਼ ਸਵੇਰੇ ੫ ਵਾਰੀ ਪੜ੍ਹਨ ਨਾਲ ਚਿਤ ਗੁਰੂ ਦੇ ਚਰਨਾਂ ਨਾਲ ਜੁੜ ਜਾਂਦਾ ਹੈ। ਸੁਖ ਮਿਲਦਾ ਹੈ।*

## ਸ਼ਬਦ ਨੰਬਰ ੭੬

ਟੋਡੀ ਮਹਲਾ ੫ ॥ *(ਪੰਨਾ ੭੧੩)*

ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥ ੧ ॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥ ੨ ॥ ੪ ॥ ੯ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ੪੦ ਦਿਨ ਹਰ ਰੋਜ਼ ੪੦ ਵਾਰੀ ਪਾਠ ਕਰੋ। ਸਭ ਪ੍ਰਕਾਰ ਦੀ ਚਿੰਤਾ ਦੂਰ ਹੋ ਜਾਏਗੀ।*

## ਸ਼ਬਦ ਨੰਬਰ ੭੭

SIKHBOOKCLUB.COM

ਬਿਲਾਵਲੁ ਮਹਲਾ ੫ ਛੰਤ *(ਪੰਨਾ ੮੪੫)*

ੴ ਸਤਿਗੁਰ ਪ੍ਰਸਾਦਿ ॥

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥ ੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਨੂੰ ੫੧ ਵਾਰ ਹਰ ਰੋਜ਼ ੨੧ ਦਿਨ ਜਪਣਾ। ਘਰ ਵਿਚੋਂ ਸੋਗ ਦੂਰ ਹੋ ਜਾਵੇਗਾ ਤੇ ਖੁਸ਼ੀਆਂ ਦਾ ਵਾਤਾਵਰਨ ਬਣ ਜਾਵੇਗਾ।*

# ਸ਼ਬਦ ਨੰਬਰ ੧੮

ਬਿਲਾਵਲੁ ਮਹਲਾ ੫ ॥ (ਪੰਨਾ ੮੨੫)

ਤਾਪ ਪਾਪ ਤੇ ਰਾਖੇ ਆਪ ॥ ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ ॥੧॥ ਰਹਾਉ ॥ ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ ॥ ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥ ੧ ॥ ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ ॥ ਭਗਤਿ ਵਛਲ ਭੈ ਭੰਜਨ ਸੁਆਮੀ ਗੁਣ ਗਾਵਤ ਨਾਨਕ ਆਲਾਪ ॥ ੨ ॥

*ਵਿਧੀ ਤੇ ਮਹਾਤਮ- ਇਹ ਸ਼ਬਦ ਹਰ ਰੋਜ਼ ੧੧ ਦਿਨ ਜਪਦੇ ਰਹਿਨ ਨਾਲ ਦੁਖ ਦਰਦ ਨਵਿਰਤ ਹੁੰਦਾ ਹੈ। ਕੋਈ ਪਾਪ ਸੰਤਾਪ ਨਹੀਂ ਪੋਂਹਦਾ।*

SIKHBOOKCLUB.COM

# ਸ਼ਬਦ ਨੰਬਰ ੧੯

ਬਿਲਾਵਲੁ ਮਹਲਾ ੫ ॥ (ਪੰਨਾ ੮੧੬)

ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ ॥ ਕਾਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥੧॥ ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ ॥ ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥੧॥ ਰਹਾਉ ॥ ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥ ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨ ॥ ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥ ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ ॥ ੩ ॥ ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ ॥ ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥ ੪ ॥ ੩੨ ॥ ੬੨ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਨੂੰ ੧੦ ਦਿਨਾਂ ਵਿਚ ੨੧ ਹਜ਼ਾਰ ਜਪਣਾ। ਸਿਰ ਤੇ ਚੜ੍ਹਿਆ ਕਰਜ਼ ਉਤਰ ਜਾਂਦਾ ਹੈ ਘਰ ਵਿਚ ਮਾਇਆ ਦੀ ਲਹਿਰ ਬਹਿਰ ਲਗ ਜਾਂਦੀ ਹੈ। ਕਿਸੇ ਪਦਾਰਥ ਦੀ ਘਾਟ ਨਹੀਂ ਰਹਿੰਦੀ। ਸੌਖਾ ਹੋ ਜਾਂਦਾ ਹੈ।*

# ਸ਼ਬਦ ਨੰਬਰ ੮੦

ਰਾਗੁ ਸੂਹੀ ਅਸਟਪਦੀਆਂ ਮਹਲਾ ੧ ਘਰੁ ੧ *(ਪੰਨਾ ੭੫੦)*
ੴ ਸਤਿਗੁਰ ਪ੍ਰਸਾਦਿ॥

ਸਭਿ ਅਵਗਣ ਮੈ ਗੁਣੁ ਨਹੀ ਕੋਈ॥ ਕਿਉ ਕਰਿ ਕੰਤ ਮਿਲਾਵਾ ਹੋਈ॥੧॥ ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥੧॥ ਰਹਾਉ॥ ਸਹਜਿ ਸੀਗਾਰ ਕਾਮਣਿ ਕਰਿ ਆਵੈ॥ ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥ ਨਾ ਤਿਸੁ ਰੂਪੁ ਨ ਰੇਖਿਆ ਕਾਈ॥ ਅੰਤਿ ਨ ਸਾਹਿਬੁ ਸਿਮਰਿਆ ਜਾਈ॥੩॥ ਸੁਰਤਿ ਮਤਿ ਨਾਹੀ ਚਤੁਰਾਈ॥ ਕਰਿ ਕਿਰਪਾ ਪ੍ਰਭ ਲਾਵਹੁ ਪਾਈ॥੪॥ ਖਰੀ ਸਿਆਣੀ ਕੰਤ ਨ ਭਾਣੀ॥ ਮਾਇਆ ਲਾਗੀ ਭਰਮਿ ਭੁਲਾਣੀ॥੫॥ ਹਉਮੈ ਜਾਈ ਤਾ ਕੰਤ ਸਮਾਈ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥੬॥ ਅਨਿਕ ਜਨਮ ਬਿਛੁਰਤ ਦੁਖੁ ਪਾਇਆ॥ ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ॥੭॥ ਭਣਤਿ ਨਾਨਕੁ ਸਹੁ ਹੈ ਭੀ ਹੋਸੀ॥ ਜੈ ਭਾਵੈ ਪਿਆਰਾ ਤੈ ਰਾਵੇਸੀ॥੮॥੧॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਚਾਨਣੇ ਪੱਖ ਦੇ ੨੧ ਦਿਨਾਂ ਵਿਚ ੧੦ ਹਜ਼ਾਰ ਪਾਠ ਸੰਪੂਰਨ ਕਰੇ॥ ਘਰ ਤੋਂ ਗੁਸੇ ਹੋ ਕੇ ਗਿਆ ਪਤੀ ਘਰ ਮੁੜ ਆਉਂਦਾ ਹੈ, ਪਤੀ ਪਤਨੀ ਵਿਚ ਵਧੇਰੇ ਪਿਆਰ ਹੋ ਜਾਂਦਾ ਹੈ।*

# ਸ਼ਬਦ ਨੰਬਰ ੮੧

ਵਾਰ ਮਾਝ ਕੀ ਮਃ ੩॥ ਪਉੜੀ॥ *(ਪੰਨਾ ੧੪੯)*

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ ਸਤਿਗੁਰੁ ਹੋਇ ਦਇਆਲੁ ਤਾ

ਸਦ ਹੀ ਸੁਖੁ ਦੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥ ੨੫ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ੪੧ ਦਿਨ ਅੰਮ੍ਰਿਤ ਵੇਲੇ ਹਰ ਰੋਜ਼ ੪੧ ਵਾਰ ਕਰਨ ਨਾਲ ਘਰ ਵਿਚ ਨੌ ਨਿਧਾਂ ਤੇ ਅਠਾਰਾਂ ਸਿਧਾਂ ਆ ਜਾਂਦੀਆਂ ਹਨ। ਸਤਿਗੁਰੂ ਦੀ ਕਿਰਪਾ ਹੁੰਦੀ ਹੈ।*

# ਸ਼ਬਦ ਨੰਬਰ ੮੨

ਸੋਰਠਿ ਮਹਲਾ ੫ ॥ *(ਪੰਨਾ ੬੨੨)*

ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥ ਗੁਰਿ ਪੂਰੈ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥ ੧ ॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥ ਅਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥ ੨ ॥ ਪ੍ਰਭਿ ਅਪਨਾ ਬਿਰਦੁ ਸਮਾਰਿਆ ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥ ੩ ॥ ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥ ੪ ॥ ੬ ॥ ੫੬ ॥

*ਵਿਧੀ ਤੇ ਮਹਾਤਮ – ਜਦੋਂ ਸਭ ਇਲਾਜ ਕਰ ਚੁਕਣ ਤੋਂ ਬਾਅਦ ਵੀ ਕੋਈ ਦੁੱਖ ਦੂਰ ਨਾ ਹੁੰਦਾ ਹੋਵੇ ਭਾਵ ਕੋਈ ਦਵਾ ਅਸਰ ਨਾ ਕਰਦੀ ਹੋਵੇ ਤਾਂ ਇਹ ਸ਼ਬਦ ੨੦ ਦਿਨ ੧੦੮ ਵਾਰ ਹਰ ਰੋਜ਼ ਜਪੋ। ਦਵਾ ਅਸਰ ਕਰੇਗੀ ਤੇ ਸਭ ਰੋਗ ਨਵਿਰਤ ਹੋ ਜਾਣਗੇ। ਇਸ ਸ਼ਬਦ ਦਾ ਮੰਤਰਿਆ ਜਲ ਜਿਸ ਰੋਗੀ ਨੂੰ ਦਿੱਤਾ ਜਾਏ, ਉਸ ਦੇ ਸਭ ਕਸ਼ਟ ਨਾਸ ਹੋ ਜਾਂਦੇ ਹਨ।*

# ਸ਼ਬਦ ਨੰਬਰ ੮੩

ਧਨਾਸਰੀ ਮਹਲਾ ੫ ॥ (ਪੰਨਾ ੬੮੨)

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥ ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥ ੨ ॥ ੧੫ ॥ ੪੬ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ੫੧ ਦਿਨ ੫੧ ਵਾਰ ਰੋਜ਼ ਜਪਣ ਨਾਲ ਔਖਾ ਸਮਾਂ ਸੁਖਾਲਾ ਹੋ ਜਾਂਦਾ ਹੈ। ਸਭ ਇਛਾਵਾਂ ਪੂਰਨ ਹੋ ਜਾਂਦੀਆਂ ਹਨ। ਗਰਭਵਤੀ ਇਸਤਰੀ ਜਪੇ ਤਾਂ ਬੱਚਾ ਬੜੀ ਸੁਖੈਨਤਾ ਨਾਲ ਜਨਮੇ।*

SIKHBOOKCLUB.COM

# ਸ਼ਬਦ ਨੰਬਰ ੮੪

ਆਸਾ ਘਰੁ ੭ ਮਹਲਾ ੫ ॥ (ਪੰਨਾ ੩੯੪)

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥ ੧ ॥ ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥ ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ੨ ॥ ੪੨ ॥ ੯੩ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੨੧ ਦਿਨ ੨੧ ਵਾਰੀ ਜਪਣ ਨਾਲ ਪਰਮਾਤਮਾ ਦਾ ਭਾਣਾ ਮਿਠਾ ਲਗਦਾ ਹੈ। ਸਭ ਸੰਗੀ ਸਾਥੀ ਸਹਾਈ ਹੁੰਦੇ ਹਨ।*

# ਸ਼ਬਦ ਨੰਬਰ ੮੫

ਰਾਗੁ ਧਨਾਸਿਰੀ ਮਹਲਾ ੩ ਘਰੁ ੪ *(ਪੰਨਾ ੬੬੬)*

ੴ ਸਤਿਗੁਰ ਪ੍ਰਸਾਦਿ॥

ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ॥ ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥੧॥ ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ॥ ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ॥ ੧ ॥ ਰਹਾਉ॥ ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ॥ ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥ ੨॥ ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ॥ ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ॥ ੩ ॥ ੧ ॥ ੯ ॥

*ਵਿਧੀ ਤੇ ਮਹਾਤਮ-ਇਹ ਸ਼ਬਦ ੧੧ ਦਿਨ ੧੧ ਵਾਰੀ ਹਰ ਰੋਜ਼ ਜਪੋ। ਭਰਮ ਨਾਸ ਹੋ ਕੇ ਹਿਰਦਾ ਨਿਰਮਲ ਹੋ ਜਾਂਦਾ ਹੈ। ਸਭ ਰੋਗ ਤੇ ਬੰਧਨ ਨਵਿਰਤ ਹੋ ਜਾਂਦੇ ਹਨ।*

SIKHBOOKCLUB.COM

# ਸ਼ਬਦ ਨੰਬਰ ੮੬

ਸਲੋਕ ਸਹਸਕ੍ਰਿਤੀ ਮਹਲਾ ੫॥ *(ਪੰਨਾ ੧੩੫੫)*

ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ॥ ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥ ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥

*ਵਿਧੀ ਤੇ ਮਹਾਤਮ- ਇਸ ਸਲੋਕ ਨੂੰ ਸ਼ੁਕਰਵਾਰ ਤੋਂ ੪੦ ਦਿਨ ਜਪਣਾ ੧੦੮ ਵਾਰ ਰੋਜ਼। ਉਪਰੰਤ ਜੇਕਰ ਰੋਜ਼ ਨੇਮ ਨਾਲ ਜਪੇ ਤਾਂ ਮਨ ਦੀਆਂ ਸਾਰੀਆਂ ਆਸਾਂ ਮੁਰਾਦਾਂ ਪੂਰੀਆਂ ਹੋਣ।*

# ਸ਼ਬਦ ਨੰਬਰ ੮੭

ਗਉੜੀ ਬੈਰਾਗਣਿ ਮਹਲਾ ੧ ॥ *(ਪੰਨਾ ੧੫੭)*

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥ ੧ ॥ ਰਹਾਉ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨ ॥ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥ ੩ ॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥ ੪ ॥ ੨ ॥ ੧੯ ॥

SIKHBOOKCLUB.COM

*ਵਿਧੀ ਤੇ ਮਹਾਤਮ- ਇਸ ਸ਼ਬਦ ਦੇ ਸਿੱਧ ਹੋਣ ਨਾਲ ਪੁਰਸ਼ ਦੀ ਹਰ ਪ੍ਰਕਾਰ ਦੀ ਆਸਾ ਮਨਸਾ ਪੂਰੀ ਹੋ ਜਾਂਦੀ ਹੈ। ਇਸ ਦੇ ੧੧ ਪਾਠ ਅੰਮ੍ਰਿਤ ਵੇਲੇ ਰੋਜ਼ ੨੧ ਦਿਨ ਕਰਨੇ ਇਸ ਕੰਮ ਵਾਸਤੇ ਜ਼ਰੂਰੀ ਹਨ। ਪਾਠ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਹਿਰਦੇ ਵਿਚ ਰਖਣਾ ਚਾਹੀਦਾ ਹੈ ਅਤੇ ਕਾਰਜ ਸਿੱਧੀ ਵਾਸਤੇ ਅਰਦਾਸ ਕਰਨੀ ਚਾਹੀਦੀ ਹੈ।*

# ਸ਼ਬਦ ਨੰਬਰ ੮੮

ਮਾਝ ਮਹਲਾ ੫ ॥ *(ਪੰਨਾ ੧੦੧)*

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮੁ ਪਦਾਰਥੁ ਗਹਿਰ ਗੰਭੀਰੈ ॥ ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥ ਦਰਸਨੁ ਪੇਖਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ ॥ ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥ ੨ ॥ ਜਾ

ਕਉ ਖੋਜਹਿ ਸਰਬ ਉਪਾਏ ॥ ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥ ੩ ॥ ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥ ੪ ॥ ੧੬ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਨੂੰ ਪਹਿਰ ਰਾਤ ਰਹਿੰਦੀ ਪੂਰਬ ਵੱਲ ਮੁਖ ਕਰਕੇ ੧੦੦ ਦਿਨਾਂ ਵਿਚ ਸੌ ਵਾਰ ਰੋਜ਼ ਜਪਣਾ। ਧਨ ਦੀ ਪ੍ਰਾਪਤੀ ਹੋਵੇ ਅਤੇ ਹਰ ਪ੍ਰਕਾਰ ਦੀ ਸੰਪਤੀ ਦੀ ਬ੍ਰਿੱਧੀ ਹੋਵੇ॥*

# ਸ਼ਬਦ ਨੰਬਰ ੮੯

ਗੂਜਰੀ ਮਹਲਾ ੫ ॥ *(ਪੰਨਾ ੪੯੫)*

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥ ੧ ॥ ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥ ੧ ॥ ਰਹਾਉ ॥ ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥ ੨ ॥ ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥ ੩ ॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਰੰਗਿ ਰੰਗੇ ॥ ੪ ॥ ੨ ॥ ੩ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦੇ ਨਿਤਾਪ੍ਰਤਿ ੧੦ ਪਾਠ ਕਰਨ ਨਾਲ ਧਨ ਦੀ ਪ੍ਰਾਪਤੀ ਹੁੰਦੀ ਹੈ। ਇਸ ਨਾਲ ਗੁਰੂ ਜੀ ਦੀ ਅਪਾਰ ਕ੍ਰਿਪਾ ਹੁੰਦੀ ਹੈ।*

# ਸ਼ਬਦ ਨੰਬਰ ੯੦

**ਆਸਾ ਮਹਲਾ ੪ ॥** *(ਪੰਨਾ ੧੧)*

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥ ੧ ॥ ਰਹਾਉ ॥ ਸਭ ਤੇਰੀ ਤੂੰ ਸਭਨੀ ਧਿਆਇਆ ॥ ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥ ੧ ॥ ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥ ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥ ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ ਸਹਜੇ ਹੀ ਹਰਿ ਨਾਮਿ ਸਮਾਇਆ ॥ ੩ ॥ ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥ ੪ ॥ ੨ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਅੰਮ੍ਰਿਤ ਵੇਲੇ ੪ ਘੜੀ ਤੇ ਤੜਕੇ ਯਾਰਾਂ ਸੌ ਰੋਜ਼ ੧੮ ਦਿਨ ਕਰਨਾ। ਇਸਦੇ ਫਲ ਵਜੋਂ ਬੇਅੰਤ ਧਨ ਤੇ ਹੀਰੇ ਜਵਾਹਰਾਤਾਂ ਦੀ ਸੁਭਾਵਕ ਆਪਣੇ ਆਪ ਸੁਤੇ ਸਿਧ ਹੀ ਪ੍ਰਾਪਤੀ ਹੁੰਦੀ ਹੈ। ਮਨ ਨੂੰ ਸ਼ੁਧ ਅਤੇ ਟਿਕਾ ਕੇ ਬੁਰੇ ਕੰਮਾਂ ਵਲੋਂ ਰੋਕ ਕੇ ਰੱਖਣ ਨਾਲ ਸ਼ਬਦ ਦੇ ਪਾਠ ਦੇ ਫਲ ਦੀ ਪ੍ਰਾਪਤੀ ਸ਼ੀਘਰ ਹੁੰਦੀ ਹੈ।*

# ਸ਼ਬਦ ਨੰਬਰ ੯੧

**ਧਨਾਸਰੀ ਭਗਤ ਧੰਨਾ ਜੀ॥** *(ਪੰਨਾ ੬੯੫)*

ਗੋਪਾਲ ਤੇਰਾ ਆਰਤਾ ॥ ਜੋ ਜਨੁ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥ ੧ ॥ ਰਹਾਉ ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ

ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥ ੧ ॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥ ੨ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦੇ ੨੧ ਦਿਨ ਸੰਧਿਆ ਵੇਲੇ ਯਾਰਾਂ ਪਾਠ ਰੋਜ਼ ਕਰਨ ਨਾਲ ਸ਼ਰਧਾਵਾਨ ਪਾਠ ਕਰਨ ਵਾਲੇ ਦੇ ਘਰ ਪਸ਼ੂ ਧਨ ਦੀ ਕੋਈ ਥੁੜ ਨਾ ਰਹੇਗੀ। ਦੁਖ ਭੁਖ ਤੇ ਗਰੀਬੀ ਦੂਰ ਹੋ ਜਾਵੇਗੀ।*

# ਸ਼ਬਦ ਨੰਬਰ ੯੨

ੴ ਸਤਿਗੁਰ ਪ੍ਰਸਾਦਿ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ *(ਪੰਨਾ ੧੪)*

॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ ੨ ॥

*ਵਿਧੀ ਤੇ ਮਹਾਤਮ - ਮਕਾਨ ਨਵਾਂ ਉਸਾਰਨ ਤੋਂ ਪਹਿਲੇ ਜਾਂ ਸੌਦਾਗਰੀ ਜਾਣ ਵੇਲੇ ਜਾਂ ਖੇਤੀ ਬੀਜਣ ਵੇਲੇ ਇਸ ਸ਼ਬਦ ਦਾ ੧੦੦੦ ਵਾਰ ਪਾਠ ਕਰੇ ਤਾਂ ਇਹਨਾਂ ਦਾ ਅਤਯੰਤ ਲਾਭ ਹੋਵੇ।*

# ਸ਼ਬਦ ਨੰਬਰ ੯੩

ਸਿਰੀਰਾਗੁ ਮਹਲੁ ੧ ॥ *(ਪੰਨਾ ੧੬)*

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ ਭਾਉ ਕਲਮ

ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ੫੦੦੦ ਵਾਰ ਪਾਠ ਲੜਕਿਆਂ ਨੂੰ ਪੜ੍ਹਾਉਣ ਸਮੇਂ ਕਰੇ, ਤਾਂ ਪੜ੍ਹਾਈ ਲੜਕੇ ਹਛੀ ਕਰਨ।*

# ਸ਼ਬਦ ਨੰਬਰ ੯੪

ਸਿਰੀਰਾਗੁ ਮਹਲਾ ੧ ॥ *(ਪੰਨਾ ੨੨)*

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ੧ ॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਇਕ ਸੌ ਵਾਰੀ ਵਪਾਰ ਕਰਨ ਵੇਲੇ ਕਰੇ ਤਾਂ ਕਾਰੋਬਾਰ ਵਿਚ ਲਾਭ ਹਾਸਲ ਹੋਵੇ।*

# ਸ਼ਬਦ ਨੰਬਰ ੯੫

ਸਿਰੀਰਾਗੁ ਮਹਲਾ ੫ ॥ *(ਪੰਨਾ ੭੦)*

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ੧ ॥

*ਵਿਧੀ ਤੇ ਮਹਾਤਮ – ਜਿਸ ਸਮੇਂ ਬਹੁਤੀ ਭੀੜ-ਮੁਸ਼ਕਲ ਬਣੇ ਤਾਂ ਇਸ ਸ਼ਬਦ ਦਾ ੧੦੦ ਵਾਰੀ ਪਾਠ ਰੋਜ਼ ਕਰੇ, ਬਿਪਤਾ (ਹਰ ਪ੍ਰਕਾਰ ਦੀ ਮੁਸ਼ਕਲ) ਆਦਿਕ ਦੂਰ ਹੋਵੇ।*

# ਸ਼ਬਦ ਨੰਬਰ ੯੬

ਸਿਰੀਰਾਗੁ ਮਹਲਾ ੧ ॥ *(ਪੰਨਾ ੭੫)*

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥ ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥ ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਭੀ ਖੁਸ਼ੀ ਤੇ ਸਮੇਂ ਕਰੇ ਨਿਰਵਿਘਨ ਹੋਵੇਗਾ ਤਥਾ ਵੈਰਾਗ ਧਾਰਨ ਲਈ ਹਰ ਰੋਜ਼ ਇਕ ਸੌ ਪਾਠ ਕਰੇ। ਮਨ ਨੂੰ ਸ਼ਾਂਤੀ ਆਵੇ ਅਰ ਗਿਆਨ ਪ੍ਰਾਪਤ ਹੋਵੇ।*

# ਸ਼ਬਦ ਨੰਬਰ ੯੭

ਮਾਝੁ ਮਹਲਾ ੫ ॥ *(ਪੰਨਾ ੯੮)*

ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥ ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੪੦ ਦਿਨ ਹਰ ਰੋਜ਼ ਐਤਵਾਰ ਤੋਂ ਲੈਕੇ ਨਿਤਾਪ੍ਰਤੀ ੫੦ ਵਾਰੀ ਰੋਜ਼ ਪਾਠ ਕਰੇ ਤਾਂ ਜਿਸ ਨੂੰ ਵਸ ਕਰਨਾ ਚਾਹੇ ਓਹ ਭਲੀ ਪ੍ਰਕਾਰ ਵੱਸ ਹੋਵੇ।*

# ਸ਼ਬਦ ਨੰਬਰ ੯੮

ਮਾਝੁ ਮਹਲਾ ੫ ॥ *(ਪੰਨਾ ੧੦੦)*

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨਹਰੀਆ ॥ ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥

*ਵਿਧੀ ਤੇ ਮਹਾਤਮ – ਜੋ ਇਸ ਸ਼ਬਦ ਦਾ ਪਾਠ ੧੧ ਵਾਰੀ ਹਰ ਰੋਜ਼ ਸੋਮਵਾਰ ਤੋਂ ਲੈ ਕੇ ੨੧ ਦਿਨ ਕਰੇ ਉਸਦਾ ਦੁਖ ਦੂਰ ਹੋਵੇ।*

# ਸ਼ਬਦ ਨੰਬਰ ੯੯

ਮਾਝ ਮਹਲਾ ੫ ॥ (ਪੰਨਾ ੧੦੧)

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ ਪ੍ਰਭੂ ਦਇਆ ਤੇ ਮੰਗਲੁ ਗਾਵਉ ॥ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਐਤਵਾਰ ਤੋਂ ਲੈ ਕੇ ੨੧ ਦਿਨ ਰੋਜ਼ ੨੧ ਵਾਰੀ ਕਰੇ ਤਾਂ ਸਭ ਰੋਗ ਦੂਰ ਹੋਵਨ ਅਰ ਮਨ ਚਿੰਦਿਆ ਫਲ ਹਾਸਲ ਹੋਵੇ।*

# ਸ਼ਬਦ ਨੰਬਰ ੧੦੦

SIKHBOOKCLUB.COM

ਗਉੜੀ ਮਹਲਾ ੫ ॥ (ਪੰਨਾ ੧੯੭)

ਬਾਹਰਿ ਰਾਖਿਓ ਰਿਦੈ ਸਮਾਲਿ ॥ ਘਰਿ ਆਏ ਗੋਵਿੰਦੁ ਲੈ ਨਾਲਿ ॥ ੧ ॥ ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ ਮਨੁ ਤਨੁ ਰਾਤਾ ਰਾਮ ਕੈ ਰੰਗਿ ॥ ੧ ॥ ਰਹਾਉ ॥ ਗੁਰ ਪਰਸਾਦੀ ਸਾਗਰੁ ਤਰਿਆ ॥ ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥ ੨ ॥ ਸੋਭਾ ਸੁਰਤਿ ਨਾਮਿ ਭਗਵੰਤੁ ॥ ਪੂਰੇ ਗੁਰ ਕਾ ਨਿਰਮਲ ਮੰਤੁ ॥ ੩ ॥ ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥ ੪ ॥

*ਵਿਧੀ ਤੇ ਮਹਾਤਮ – ਜੋ ਇਸ ਸ਼ਬਦ ਦਾ ਪਾਠ ੧੦ ਵਾਰੀ ਨਦੀ ਪਾਰ ਹੋਵਣ ਸਮੇਂ ਕਰੇ ਤਾਂ ਸਰਬ ਪ੍ਰਕਾਰ ਦੀ ਰਖਿਆ ਹੋਵੇ।*

# ਸ਼ਬਦ ਨੰਬਰ ੧੦੧

ਗਉੜੀ ਪੂਰਬੀ ਮਹਲਾ ੫ ॥ (ਪੰਨਾ ੨੧੨)

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ

ਸੋ ਦਿਨੁ ਜਾਤ ਅਜਾਏ॥੧॥ਰਹਾਉ॥ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥ ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ॥ ੧॥ ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ॥ ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ॥ ੨॥ ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ॥ ੩॥ ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ॥ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ॥ ੪॥ ੧੪॥ ੧੫੨॥

*ਵਿਧੀ ਤੇ ਮਹਾਤਮ - ਜੋ ਇਸ ਸ਼ਬਦ ਦਾ ਪਾਠ ੨੧ ਵਾਰੀ ਰੋਜ਼ ਨਿਤਾਪ੍ਰਤੀ ਇੱਕੀ ਦਿਨ ਐਤਵਾਰ ਤੋਂ ਲੈ ਕੇ ਕਰੇ ਤਾਂ ਦੁਖ ਸੰਕਟ ਆਦਿਕ ਵਿਚ ਵਾਹਿਗੁਰੂ ਜੀ ਆਪ ਸਹਾਈ ਹੋਵਣ।*

# ਸ਼ਬਦ ਨੰਬਰ ੧੦੨

SIKHBOOKCLUB.COM

ਗਉੜੀ ਮਹਲਾ ੧॥ *(ਪੰਨਾ ੨੨੪)*

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥੧॥ ਐਸਾ ਗਰਬੁ ਬੁਰਾ ਸੰਸਾਰੈ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ॥੧॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ਰੋਜ਼ ੩੧ ਦਿਨ ਕਰੇ ਤਾਂ ਸਰਬ ਪ੍ਰਕਾਰ ਦਾ ਮਨ ਦਾ ਗਰਬ (ਹੰਕਾਰ) ਦੂਰ ਹੋਵੇ। ਮਨ ਨੀਵਾਂ ਹੋਵੇ ਸਤਿਸੰਗ ਪ੍ਰਾਪਤ ਹੋਵੇ।*

# ਸ਼ਬਦ ਨੰਬਰ ੧੦੩

ਗਉੜੀ ਸੁਖਮਨੀ ਮਃ ੫॥ *(ਪੰਨਾ ੨੬੨)*

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ

ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮੁ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥ ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥ ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥

*ਵਿਧੀ ਤੇ ਮਹਾਤਮ – ਜੋ ਇਸ ਸ਼ਬਦ ਦੇ ਗਿਆਰਾਂ ਪਾਠ ਰੋਜ਼ ਕਰੇ, ਤਾਂ ਹਰ ਪ੍ਰਕਾਰ ਕਲੇਸ਼ ਨਵਿਰਤ ਹੋਣ।*

# ਸ਼ਬਦ ਨੰਬਰ ੧੦੪

ਗਉੜੀ ਸੁਖਮਨੀ ਮ: ੫ ॥ *(ਪੰਨਾ ੨੬੨)*

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥ ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾਕੈ ਲਾਗਉ ਪਾਏ ॥ ੩ ॥

*ਵਿਧੀ ਤੇ ਮਹਾਤਮ– ਇਸ ਸ਼ਬਦ ਦੇ ਇੱਕੀ ਹਜ਼ਾਰ ਕੁਲ ਪਾਠ ਕਰੇ, ੪੧ ਦਿਨਾਂ ਵਿਚ ਤਾਂ ਧਨ ਪ੍ਰਾਪਤ ਹੋਵੇ, ਰਿਧੀ ਫੁਰੇ।*

# ਸ਼ਬਦ ਨੰਬਰ ੧੦੫

ਗਉੜੀ ਸੁਖਮਨੀ ਮ: ੫ ॥ *(ਪੰਨਾ ੨੬੩)*

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ

ਸਰਬ ਕੇ ਰਾਜੇ ॥ ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥ ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥

*ਵਿਧੀ ਤੇ ਮਹਾਤਮ –ਇਸ ਸ਼ਬਦ ਦਾ ਪਾਠ ਇਕ ਲਖ ਵਾਰੀ ਕਰੇ ਦੋ ਸੌ ਦਿਨਾਂ ਦੇ ਅੰਦਰ, ਤਾਂ ਬੇਅੰਤ ਦੌਲਤ ਜਮਾਂ ਹੋਵੇ ਰਈਸ ਹੋ ਜਾਵੇ, ਸਰਬ ਕਾਰਜ ਉਸਦੇ ਪੂਰਨ ਹੁੰਦੇ ਰਹਿਣ।*

# ਸ਼ਬਦ ਨੰਬਰ ੧੦੬

ਗਉੜੀ ਸੁਖਮਨੀ ਮਃ ੫ ॥ *(ਪੰਨਾ ੨੬੩)*

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਹਰ ਰੋਜ਼ ਪੰਜਾਹ ਵਾਰੀ ਕਰੇ ਤਾਂ ਬੁਧੀਮਾਨ ਹੋਵੇ, ਜਿਸ ਸਭਾ ਵਿਚ ਬੋਲੇ ਵਿਦਵਾਨ ਕਹਾਵੇ।*

# ਸ਼ਬਦ ਨੰਬਰ ੧੦੭

ਸਲੋਕੁ ॥ ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥ ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥ ੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ੧੦੦ ਵਾਰੀ ਰੋਜ਼ ਕਰਨਾ ਐਤਵਾਰ ਜਾਂ ਮੰਗਲਵਾਰ ਤੋਂ, ਦੁਖ ਤਕਲੀਫ ਸਰਬ ਪ੍ਰਕਾਰ ਦੇ ਕਸ਼ਟ ਦੂਰ ਹੋਵਣ।*

SIKHBOOKCLUB.COM

# ਸ਼ਬਦ ਨੰਬਰ ੧੦੮

ਗਉੜੀ ਸੁਖਮਨੀ ਮ: ੫ ॥ (ਪੰਨਾ ੨੬੪)

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਊਧਾਰੀ ॥ ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧ ॥

*ਵਿਧੀ ਤੇ ਮਹਾਤਮ - ਜਦ ਕਿਸੇ ਨੂੰ ਕੋਈ ਮੁਕੱਦਮਾ ਭੀੜ ਬਣ ਜਾਵੇ ਇਸ ਸ਼ਬਦ ਦਾ ਪਾਠ ਰੋਜ਼ ੪੧ ਵਾਰੀ ਕਰੇ, ਨਾਮ ਜਪੇ ਤਾਂ ਮੁਕੱਦਮਾ ਫਤਹ ਹੋਵੇ, ਕੈਦ ਛੁਟੇ।*

SIKHBOOKCLUB.COM

# ਸ਼ਬਦ ਨੰਬਰ ੧੦੯

ਗਉੜੀ ਸੁਖਮਨੀ ਮ: ੫ ॥ (ਪੰਨਾ ੨੬੪)

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ਕਿਸੇ ਜਗ੍ਹਾ ਜਾਣਾ ਹੋਵੇ ਤਾਂ ਤੁਰਦਿਆਂ ਹੋਇਆਂ ਮੂੰਹ ਵਿਚ ਕਰੀ ਜਾਵੇ, ਭਿਆਨਕ ਜੰਗਲ ਵਿਚ ਸਿਮਰਨ ਕਰਦਾ ਜਾਵੇ ਤਾਂ ਸ਼ੇਰ, ਬਘਿਆੜ, ਖਤਰਨਾਕ ਜੀਵ ਤੋਂ ਰਖਿਆ ਹੋਵੇ।*

# ਸ਼ਬਦ ਨੰਬਰ ੧੧੦

ਆਸਾ ਮਹਲਾ ੧ ॥ (ਪੰਨਾ ੩੫੮)

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥ ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥ ੧ ॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥ ੨ ॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥ ੩ ॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ ੪ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ੧੦ ਵਾਰੀ ਮ੍ਰਿਤਕ ਹੋਣ ਦੇ ਸਮੇਂ ਕਰੇ।*

SIKHBOOKCLUB.COM

# ਸ਼ਬਦ ਨੰਬਰ ੧੧੧

ਬਿਲਾਵਲੁ ਮਹਲਾ ੫ ॥ (ਪੰਨਾ ੮੦੮)

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥ ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥ ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥ ਰਹਾਉ ॥ ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥ ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥ ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥ ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਨੂੰ ੫੦ ਦਿਨ ੧੦੧ ਵਾਰ ਰੋਜ਼ ਜਪਣਾ। ਭਗਤ ਦੀ ਕੀਤੀ ਘਾਲਣਾ ਪ੍ਰਵਾਨ ਹੁੰਦੀ ਹੈ। ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ।*

# ਸ਼ਬਦ ਨੰਬਰ ੧੧੨

ਗਉੜੀ ਮਹਲਾ ੫ ॥ *(ਪੰਨਾ ੧੯੦)*

ਕਲਿ ਕਲੇਸ ਗੁਰ ਸਬਦਿ ਨਿਵਾਰੇ ॥ ਆਵਣ ਜਾਣ ਰਹੇ ਸੁਖ ਸਾਰੇ ॥ ੧ ॥ ਭੈ ਬਿਨਸੇ ਨਿਰਭਉ ਹਰਿ ਧਿਆਇਆ ॥ ਸਾਧਸੰਗਿ ਹਰਿ ਕੇ ਗੁਣ ਗਾਇਆ ॥ ੧ ॥ ਰਹਾਉ ॥ ਚਰਨ ਕਵਲ ਰਿਦ ਅੰਤਰਿ ਧਾਰੇ ॥ ਅਗਨਿ ਸਾਗਰ ਗੁਰਿ ਪਾਰਿ ਉਤਾਰੇ ॥ ੨ ॥ ਬੂਡਤ ਜਾਤ ਪੂਰੈ ਗੁਰਿ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥ ੩ ॥ ਕਹੁ ਨਾਨਕ ਤਿਸੁ ਗੁਰ ਬਲਿਹਾਰੀ ॥ ਜਿਸੁ ਭੇਟਤ ਗਤਿ ਭਈ ਹਮਾਰੀ ॥ ੪ ॥ ੫੬ ॥ ੧੨੫ ॥

SIKHBOOKCLUB.COM

*ਵਿਧੀ ਤੇ ਮਹਾਤਮ - ਇਸ ਸ਼ਬਦ ਨੂੰ ੨੧ ਦਿਨ ੨੧ ਵਾਰ ਜਪਣ ਨਾਲ ਹਰ ਤਰ੍ਹਾਂ ਦੀਆਂ ਤਕਲੀਫਾਂ, ਕਸ਼ਟ ਦੂਰ ਹੁੰਦੇ ਹਨ। ਦੁਸ਼ਮਣ ਦਾ ਡਰ ਨਹੀਂ ਰਹਿੰਦਾ।*

# ਸ਼ਬਦ ਨੰਬਰ ੧੧੩

ਮਾਝ ਮਹਲਾ ੫ ॥ *(ਪੰਨਾ ੧੦੨)*

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰ ਪਰਸਾਦੀ ਜਿਨਿ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ਪੰਜ ਹਜ਼ਾਰ ਵਾਰੀ ਸ਼ੁਕ੍ਰਵਾਰ ਤੋਂ ਲੈ ਕੇ ਚਾਲੀ ਦਿਨ ਰੋਜ਼ ਕਰੇ ਤਾਂ ਸਭ ਕਝ ਘਰੋਂ ਹੀ ਹਾਸਲ ਹੋਵੇ।*

# ਸ਼ਬਦ ਨੰਬਰ ੧੧੪

ਮਾਝ ਮਹਲਾ ੫ ॥ *(ਪੰਨਾ ੧੦੨)*

ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥ ਤਿਸੁ ਬਲਿਹਾਰੀ ਜਿਨਿ ਰਸਨਾ

ਭਣਿਆ ॥ ਵਾਰਿ ਵਾਰਿ ਜਾਈ ਤਿਸੁ ਵਿਟਹੁ ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੪੧ ਵਾਰੀ ਪਾਠ ਹਰ ਰੋਜ਼ ਮੰਗਲਵਾਰ ਤੋਂ ਲੈ ਕੇ ੪੧ ਦਿਨ ਕਰੇ ਤਾਂ ਵੈਰੀ ਦੁਸ਼ਮਣ ਦਾ ਭੈ ਦੂਰ ਹੋਵੇ ਅਰ ਮਨ ਸ਼ਾਂਤ ਹੋਵੇ।*

## ਸ਼ਬਦ ਨੰਬਰ ੧੧੫

ਮਾਝ ਮਹਲਾ ੫ ॥ *(ਪੰਨਾ ੧੦੩)*

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ ੧ ॥

*ਵਿਧੀ ਤੇ ਮਹਾਤਮ — ਇਸ ਸ਼ਬਦ ਦਾ ਪਾਠ ੨੧ ਵਾਰੀ ਰੋਜ਼ ਕਰੇ ਤਾਂ ਹਰ ਪ੍ਰਕਾਰ ਦਾ ਡਰ ਭੈ ਆਦਿਕ ਦੂਰ ਹੋਵੇ, ਹਰ ਤਰ੍ਹਾਂ ਦੀ ਰਖਿਆ ਹੁੰਦੀ ਰਹੇ। ਰਾਜ ਦਰਬਾਰ ਵਿਚ ਪੜੇ ਤਾਂ ਹਾਕਮ ਮੇਹਰਬਾਨ ਹੋਵੇ।*

## ਸ਼ਬਦ ਨੰਬਰ ੧੧੬

SIKHBOOKCLUB.COM

ਮਾਝ ਮਹਲਾ ੫ ॥ *(ਪੰਨਾ ੧੦੪)*

ਹੁਕਮੀ ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ ਨਾਮੁ ਜਪੇਹਾ ॥ ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ੨੦੦੦ ਰੋਜ਼ ਸ਼ਨੀਵਾਰ ਤੋਂ ਲੈ ਕੇ ੭ ਦਿਨ ਪਹਿਰ ਰਾਤ ਰਹਿੰਦੀ ਕਰੇ ਤਾਂ ਵਰਖਾ ਹੋਵੇ।*

## ਸ਼ਬਦ ਨੰਬਰ ੧੧੭

ਮਾਝ ਮਹਲਾ ੫ ॥ *(ਪੰਨਾ ੧੦੫)*

ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥ ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ

ਜੀਉ॥੧॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਸਵੇਰੇ ਅੰਮ੍ਰਿਤ ਵੇਲੇ ਵੀਰਵਾਰ ਤੋਂ ਸ਼ੁਰੂ ਕਰਕੇ ੩੧ ਦਿਨ ਕਰੇ ਤਾਂ ਵਰਖਾ ਹੋਵੇ।*

## ਸ਼ਬਦ ਨੰਬਰ ੧੧੮

ਗਉੜੀ ਮਹਲਾ ੫ ਮਾਝ॥ *(ਪੰਨਾ ੨੧੮)*

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ ਰਹਾਉ ॥ ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ॥੧॥ ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥੨॥ ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ॥ ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥ ੩॥ ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ॥ ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ॥੪॥੨॥੧੭੦॥

*ਵਿਧੀ ਤੇ ਮਹਾਤਮ – ਇਹ ਸ਼ਬਦ ਸਵਾ ਮਹੀਨਾ ਹਰ ਰੋਜ਼ ੨੧ ਵਾਰ ਜਪਣ ਨਾਲ ਹਰ ਤਰ੍ਹਾਂ ਦੇ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਹੋਵੇ ਤੇ ਸਭ ਕਸ਼ਟ ਨਵਿਰਤ ਹੋਵਣ। ਘਰ ਵਿਚ ਸੁਖ ਦਾ ਵਾਤਾਵਰਣ ਬਣਿਆ ਰਹੇ। ਚਿਰਾਂ ਦੇ ਚਲ ਰਹੇ ਮੁਕੱਦਮੇ ਵਿਚ ਫਤਹ ਹੋਵੇ। ਅਟਕੇ ਕਾਰਜ ਸੌਰਣ।*

## ਸ਼ਬਦ ਨੰਬਰ ੧੧੯

ਡਖਣੇ ਮਹਲਾ ੫॥ ਪਉੜੀ॥ *(ਪੰਨਾ ੧੦੯੬)*

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥ ਤੁਧੁ ਸਭੁ ਕਿਛੁ ਮੈਨੋ

ਸਉਪਿਆ ਜਾ ਤੇਰਾ ਬੰਦਾ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥ ਸਭੇ ਕਾਜ ਸਵਾਰਿਐ ਜਾ ਤੁਧੁ ਪਾਵੰਦਾ॥ ੭॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ਹਰ ਰੋਜ਼ ਪੰਜ ਵਾਰੀ ਲਗਾਤਾਰ ਜਪਦੇ ਰਹਿਣ ਨਾਲ ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨ ਤੇ ਹਰ ਪ੍ਰਕਾਰ ਦੀਆਂ ਚਿੰਤਾਵਾਂ ਨਾਸ ਹੋ ਜਾਂਦੀਆਂ ਹਨ। ਘਰ ਵਿਚ ਬੇਅੰਤ ਧਨ ਆਉਂਦਾ ਹੈ। ਸੁਖ ਮਿਲਦਾ ਹੈ।*

## ਸ਼ਬਦ ਨੰਬਰ ੧੨੦

ਗਉੜੀ ਮਹਲਾ ੫॥ *(ਪੰਨਾ ੧੯੦)*

ਰਾਖਿ ਲੀਆ ਗੁਰਿ ਪੂਰੈ ਆਪਿ॥ ਮਨਮੁਖ ਕਉ ਲਾਗੋ ਸੰਤਾਪੁ ॥੧॥ ਗੁਰੂ ਗੁਰੂ ਜਪਿ ਮੀਤ ਹਮਾਰੇ॥ ਮੁਖ ਊਜਲ ਹੋਵਹਿ ਦਰਬਾਰੇ ॥੧॥ ਰਹਾਉ॥ ਗੁਰ ਕੇ ਚਰਣ ਹਿਰਦੈ ਵਸਾਇ॥ ਦੁਖ ਦੁਸਮਨ ਤੇਰੀ ਹਤੈ ਬਲਾਇ॥੨॥ਗੁਰ ਕਾ ਸਬਦੁ ਤੇਰੈ ਸੰਗਿ ਸਹਾਈ॥ਦਇਆਲ ਭਏ ਸਗਲੇ ਜੀਅ ਭਾਈ॥ ੩॥ ਗੁਰਿ ਪੂਰੈ ਜਬ ਕਿਰਪਾ ਕਰੀ॥ ਭਨਤਿ ਨਾਨਕ ਮੇਰੀ ਪੂਰੀ ਪਰੀ॥ ੪॥ ੫੪॥ ੧੨੩॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੩੧ ਦਿਨ ਹਰ ਰੋਜ਼ ੧੦੮ ਵਾਰੀ ਪਾਠ ਕਰਨ ਨਾਲ ਪਾਪੀਆਂ ਦੁਸ਼ਮਨਾਂ ਦਾ ਜ਼ੋਰ ਹੋਵੇ ਤੇ ਸਤਿਗੁਰੂ ਜੀ ਸੰਕਟਾਂ ਤੋਂ ਰਖਿਆ ਕਰਨ।*

## ਸ਼ਬਦ ਨੰਬਰ ੧੨੧

ਸੋਰਠਿ ਮਹਲਾ ੫॥ *(ਪੰਨਾ ੬੨੬)*

ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥ ਰਾਮ ਨਾਮਿ

ਮਨੁ ਲਾਗਾ ॥ ਜਸੁ ਲਜਾਇ ਕਰਿ ਭਾਗਾ ॥੧॥ ਪ੍ਰਭ ਜੀ ਤੂ ਮੇਰੋ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ ਰਹਾਉ ॥ ਨਾਨਕ ਪ੍ਰਭੁ ਅਬਿਨਾਸੀ ॥ ਤਾ ਕੀ ਸੇਵ ਨ ਬਿਰਥੀ ਜਾਸੀ ॥ ਅਨਦ ਕਰਹਿ ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥ ੨ ॥ ੪ ॥ ੬੮ ॥

*ਵਿਧੀ ਤੇ ਮਹਾਤਮ – ਇਹ ਸ਼ਬਦ ੪੦ ਦਿਨ ੪੦ ਵਾਰ ਹਰ ਰੋਜ਼ ਜਪਣ ਨਾਲ ਸਰੀਰ ਦੀ ਰਖਿਆ ਹੁੰਦੀ ਹੈ ਤੇ ਸਭ ਬੰਧਨ ਟੁਟ ਜਾਂਦੇ ਹਨ।*

## ਸ਼ਬਦ ਨੰਬਰ ੧੨੨

ਗਉੜੀ ਸੁਖਮਨੀ ਮਃ ੫ ॥ *(ਪੰਨਾ ੨੬੪)*

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥ ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥ ੨ ॥

*ਵਿਧੀ ਤੇ ਮਹਾਤਮ – ਇਹ ਪਉੜੀ ੨੧ ਵਾਰੀ ਹਰ ਰੋਜ਼ ਪੜ੍ਹਨ ਨਾਲ ਸਭ ਸੰਕਟਾਂ ਤੋਂ ਛੁਟਕਾਰਾ ਹੋ ਜਾਂਦਾ ਹੈ ਕੈਦ ਵਿਚ ਪਿਆ ਮਨੁਖ ਰਿਹਾ ਹੋ ਜਾਂਦਾ ਹੈ ਤੇ ਮਾਣ ਸਤਕਾਰ ਵੱਧਦਾ ਹੈ।*

## ਸ਼ਬਦ ਨੰਬਰ ੧੨੩

ਜੈਤਸਰੀ ਮਹਲਾ ੫ ਘਰੁ ੩ ਦੁਪਦੇ *(ਪੰਨਾ ੭੦੦)*

ੴ ਸਤਿਗੁਰ ਪ੍ਰਸਾਦਿ ॥

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥ ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥ ਕੋ ਕਹਤੋ ਸਭ ਬਾਹਰਿ

ਬਾਹਰਿ ਕੋ ਕਹਤੌ ਸਭ ਮਹੀਅਉ ॥ ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥ ੧ ॥ ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ ੨ ॥ ੧ ॥ ੨ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੪੧ ਦਿਨ ਰੋਜ਼ ੧੦੮ ਵਾਰ ਪਾਠ ਕਰਨ ਨਾਲ ਵਿਛੜੇ ਸੱਜਣ ਮਿੱਤਰ ਤੇ ਸਬੰਧੀਆਂ ਦਾ ਮਿਲਾਪ ਹੋਵੇ।*

## ਸ਼ਬਦ ਨੰਬਰ ੧੨੪

ਆਸਾ ਮਹਲਾ ੫ ਛੰਤ ॥ *(ਪੰਨਾ ੪੫੭)*

ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ ॥ ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥ ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ ॥ ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥ ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥ ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ਅੰਮ੍ਰਿਤ ਵੇਲੇ ਵਗਦੀ ਨਦੀ ਜਾਂ ਖੂਹ ਉਤੇ ਬੈਠਕੇ ੨੧ ਦਿਨ ।ਇਕੋਤਰ ਸੌ ਵਾਰ ਜਪਣਾ। ਇਸ ਦੇ ਜਾਪ ਨਾਲ ਪੁਰਸ਼ ਦਾ ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ ਅਤੇ ਅੰਤ ਪਰਮਗਤੀ ਪ੍ਰਾਪਤ ਹੁੰਦੀ ਹੈ।*

## ਸ਼ਬਦ ਨੰਬਰ ੧੨੫

ਬਸੰਤੁ ਮਹਲਾ ੫ ਘਰੁ ੧ *(ਪੰਨਾ ੧੧੮੪)*

ੴ ਸਤਿਗੁਰ ਪ੍ਰਸਾਦਿ ॥

ਸਗਲ ਇਛਾ ਜਪਿ ਪੁੰਨੀਆ ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥ ੧ ॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ ਜਿਤੁ ਰਵਿਐ ਸੁਖ ਸਹਜ ਭੋਗੁ ॥ ੧ ॥ ਰਹਾਉ ॥

ਕਰਿ ਕਿਰਪਾ ਨਦਰਿ ਨਿਹਾਲਿਆ॥ ਅਪਣਾ ਦਾਸੁ ਆਪਿ ਸਮ੍ਹਾਲਿਆ॥ ੨॥ ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ॥ ੩॥ ਮੇਰਾ ਗੁਣੁ ਅਵਗਣੁ ਨ ਬੀਚਾਰਿਆ ਪ੍ਰਭ ਨਾਨਕ ਚਰਣ ਪੂਜਾਰਿਆ॥ ੪॥ ੧॥

*ਵਿਧੀ ਤੇ ਮਹਾਤਮ — ਇਸ ਸ਼ਬਦ ਨੂੰ ਸ਼ੁਕ੍ਰਵਾਰ ਤੋਂ ਚਾਲੀ ਦਿਨਾਂ ਵਿਚ ਪੰਜ ਹਜ਼ਾਰ ਜਪਣਾ। ਇਸਦੇ ਜਪਣ ਨਾਲ ਸਭ ਪ੍ਰਕਾਰ ਦੀਆਂ ਮਨੋਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਸੱਤ ਕਰ ਮੰਨਣਾ, ਪਾਠ ਸਮੇਂ ਮਨ ਦੀ ਬ੍ਰਿਤੀ ਸਤਿਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਲਾਈ ਰੱਖਣੀ।*

# ਸ਼ਬਦ ਨੰਬਰ ੧੨੬

ਆਸਾ ਮਹਲਾ ੫॥ *(ਪੰਨਾ ੩੮੬)*

ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ ੧॥ ਦਰਸਨੁ ਮਾਗਉ ਦੇਹਿ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥ ੧॥ ਰਹਾਉ॥ ਜਾ ਕੈ ਨਿਕਟਿ ਨ ਆਵੈ ਕੋਈ॥ ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥ ੨॥ ਜੋ ਪ੍ਰਾਨੀ ਕਾਹੂ ਨ ਆਵਤ ਕਾਮ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ॥ ੩॥ ਸਾਧਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ॥ ੪॥ ੧੨॥ ੬੩॥

*ਵਿਧੀ ਤੇ ਮਹਾਤਮ – ਜੋ ਪੁਰਸ਼ ਇਸ ਸ਼ਬਦ ਦੇ ਇੱਕੀ ਪਾਠ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਚੜ੍ਹਦੇ ਪਾਸੇ ਮੂੰਹ ਕਰਕੇ ੨੧ ਦਿਨ ਕਰੇ ਉਹ ਸਾਰੇ ਜਗਤ ਵਿਚ ਪ੍ਰਸਿੱਧ ਹੋ ਜਾਂਦਾ ਹੈ ਸਭ ਉਸ ਨੂੰ ਨੀਵੇਂ ਹੋ ਹੋ ਕੇ ਨਮਸ਼ਕਾਰ ਕਰਦੇ ਹਨ।*

# ਸ਼ਬਦ ਨੰਬਰ ੧੨੭

ਆਸਾ ਮਹਲਾ ੫॥ *(ਪੰਨਾ ੩੮੭)*

ਉਕਤਿ ਸਿਆਨਪ ਕਿਛੂ ਨ ਜਾਨਾ॥ ਦਿਨੁ ਰੈਣਿ ਤੇਰਾ ਨਾਮੁ ਵਖਾਨਾ॥

੧ ॥ ਮੈ ਨਿਰਗੁਨ ਗੁਣੁ ਨਾਹੀ ਕੋਇ ॥ ਕਰਨ ਕਰਾਵਨਹਾਰ ਪ੍ਰਭ ਸੋਇ ॥ ੧ ॥ ਰਹਾਉ ॥ ਮੂਰਖ ਮੁਗਧ ਅਗਿਆਨ ਅਵੀਚਾਰੀ ॥ ਨਾਮ ਤੇਰੇ ਕੀ ਆਸ ਮਨਿ ਧਾਰੀ ॥ ੨ ॥ ਜਪੁ ਤਪੁ ਸੰਜਮੁ ਕਰਮ ਨ ਸਾਧਾ ॥ ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥ ੩ ॥ ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥ ੪ ॥ ੧੮ ॥ ੬੯ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ਲਗਾਤਾਰ ੧੫ ਦਿਨ ੨੧ ਵਾਰ ਰੋਜ਼ ਅੰਮ੍ਰਿਤ ਵੇਲੇ ਕਰਨ ਨਾਲ ਇਕ ਸਾਧਾਰਨ ਬੁਧੀ ਵਾਲਾ ਪੁਰਸ਼ ਵੀ ਬੜਾ ਚਤਰ ਤੇ ਅਕਲਮੰਦ ਹੋ ਜਾਂਦਾ ਹੈ। ਉਸਨੂੰ ਆਪਣੇ ਆਪ ਹੀ ਉੱਚੀ ਮੱਤ ਪ੍ਰਾਪਤ ਹੋ ਜਾਂਦੀ ਹੈ ਤੇ ਉਹ ਬੁਧੀਮਾਨਾਂ ਦੀ ਗਿਣਤੀ ਵਿਚ ਆ ਜਾਂਦਾ ਹੈ।*

# ਸ਼ਬਦ ਨੰਬਰ ੧੨੮

ਆਸਾ ਮਹਲਾ ੧ ॥ *(ਪੰਨਾ ੩੫੬)*

SIKHBOOKCLUB.COM

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥ ੧ ॥ ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧ ॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥ ੨ ॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥ ੩ ॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥ ੪ ॥ ੨੫ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦੇ ੧੧ ਪਾਠ ਰੋਜ਼ ਕਰਨ ਨਾਲ ਵਿਦਿਆ ਬਹੁਤ ਪ੍ਰਾਪਤ ਹੁੰਦੀ ਹੈ। ਵੀਰਵਾਰ ਦਸਮੀ ਥਿਤ ਚਾਨਣੇ ਪੱਖ ਨੂੰ ਅੰਮ੍ਰਿਤ ਵੇਲੇ ਤੇ ਪਾਠ ਆਰੰਭ ਕਰੇ ਤਾਂ ਬਹੁਤ ਸਫਲਤਾ ਹੁੰਦੀ ਹੈ, ਵਿਦਿਆ ਪੜ੍ਹਨੀ ਆਰੰਭ ਕਰਨ ਸਮੇਂ ਇਸ ਸ਼ਬਦ ਦੇ ਪੰਜ ਪਾਠ ਕਰਕੇ ਅਰਦਾਸ ਕਰਨੀ ਤਾਂ ਵਿਦਿਆ ਪੜ੍ਹਨੀ ਸ਼ੁਭ ਹੋਵੇ, ਵਿਦਿਆ ਪੜ੍ਹਨ ਵਿਚ ਚਿੱਤ ਲਗਾ ਰਹੇ।*

# ਸ਼ਬਦ ਨੰਬਰ ੧੨੯

ਸੋਰਠਿ ਮਃ ੫ ॥ *(ਪੰਨਾ ੬੨੫)*

ਗੁਰੁ ਪੂਰਾ ਨਮਸਕਾਰੇ ॥ ਪ੍ਰਭਿ ਸਭੇ ਕਾਜ ਸਵਾਰੇ ॥ ਹਰਿ ਅਪਣੀ ਕਿਰਪਾ ਧਾਰੀ ॥ ਪ੍ਰਭ ਪੂਰਨ ਪੈਜ ਸਵਾਰੀ ॥ ੧ ॥ ਅਪਨੇ ਦਾਸ ਕੋ ਭਇਓ ਸਹਾਈ ॥ ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥ ਰਹਾਉ ॥ ਕਰਤੈ ਪੁਰਖਿ ਤਾਲੁ ਦਿਵਾਇਆ ॥ ਪਿਛੈ ਲਗਿ ਚਲੀ ਮਾਇਆ ॥ ਤੋਟਿ ਨ ਕਤਹੂ ਆਵੈ ॥ ਮੇਰੇ ਪੂਰੇ ਸਤਗੁਰ ਭਾਵੈ ॥ ੨ ॥ ਸਿਮਰਿ ਸਿਮਰਿ ਦਇਆਲਾ ॥ ਸਭਿ ਜੀਅ ਭਏ ਕਿਰਪਾਲਾ ॥ ਜੈ ਜੈ ਕਾਰੁ ਗੁਸਾਈ ॥ ਜਿਨਿ ਪੂਰੀ ਬਣਤ ਬਣਾਈ ॥ ੩ ॥ ਤੂ ਭਾਰੋ ਸੁਆਮੀ ਮੋਰਾ ॥ ਇਹੁ ਪੁੰਨੁ ਪਦਾਰਥੁ ਤੇਰਾ ॥ ਜਨ ਨਾਨਕ ਏਕੁ ਧਿਆਇਆ ॥ ਸਰਬ ਫਲਾ ਪੁੰਨੁ ਪਾਇਆ ॥ ੪ ॥ ੧੪ ॥ ੬੪ ॥

*ਵਿਧੀ ਤੇ ਮਹਾਤਮ – ਇਹ ਸ਼ਬਦ ੧੦੦ ਵਾਰ ਰੋਜ਼ ਜਪਣਾ। ਧਨ ਪ੍ਰਾਪਤ ਤੇ ਸਭ ਵਿਗੜੇ ਕਾਰਜ ਰਾਸ ਹੋਵਣ। ਘਰ ਵਿਚ ਮਾਇਆ ਦੀ ਲਹਿਰ ਬਹਿਰ ਹੋਵੇ।*

# ਸ਼ਬਦ ਨੰਬਰ ੧੩੦

ਸਲੋਕ ਮਃ ੨ ॥ *(ਪੰਨਾ ੯੫੫)*

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥ ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥ ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥ ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥ ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥ ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥ ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ਰਾਤ ਦੇ ਤੀਜੇ ਪਹਿਰ ਲਗਾਤਾਰ ੨੧ ਦਿਨ ੧੦੦ ਪਾਠ ਰੋਜ਼ ਕਰਨੇ। ਸਰਬ ਪ੍ਰਕਾਰ ਦੀ ਚਿੰਤਾ ਦੂਰ ਹੋਵੇ ਮਨ ਨੂੰ ਸ਼ਾਂਤੀ ਹੋਵੇ।*

# ਸ਼ਬਦ ਨੰਬਰ ੧੩੧

ਸੋਰਠਿ ਮਹਲਾ ੫ ॥ *(ਪੰਨਾ ੬੧੯)*

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ॥ ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥ ੧ ॥ ਮੇਰਾ ਗੁਰੁ ਪੂਰਾ ਸੁਖਦਾਤਾ ॥ ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥ ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ॥ ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ॥ ੨ ॥ ੧੫ ॥ ੪੩ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ਐਤਵਾਰ ਤੋਂ ੪੦ ਵਾਰ ਰੋਜ਼ ੪੦ ਦਿਨ ਕਰੇ। ਸਾਰੇ ਦੁਖ ਦੂਰ ਹੋਣ, ਮਨ ਇਛੇ ਫਲ ਪ੍ਰਾਪਤ ਹੋਵਣ। ਤਿੰਨੇ ਤਾਪਾਂ ਦੀ ਨਵਿਰਤੀ ਹੋਵੇ।*

SIKHBOOKCLUB.COM

# ਸ਼ਬਦ ਨੰਬਰ ੧੩੨

ਬਿਲਾਵਲੁ ਮਹਲਾ ੫ ॥ *(ਪੰਨਾ ੮੨੬)*

ਗੋਬਿਦੁ ਸਿਮਰਿ ਹੋਆ ਕਲਿਆਣੁ॥ ਮਿਟੀ ਉਪਾਧਿ ਭਇਆ ਸੁਖੁ ਸਾਚਾ ਅੰਤਰਜਾਮੀ ਸਿਮਰਿਆ ਜਾਣੁ॥ ੧ ॥ ਰਹਾਉ ॥ ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ॥ ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ॥ ੧ ॥ ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੂਸਟ ਦੂਤ ਹਰਿ ਕਾਢੇ ਛਾਣਿ॥ ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ॥ ੨ ॥ ੨੬ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਨੂੰ ੧੦੦ ਦਿਨ ਅੱਠ ਵਾਰ ਹਰ ਰੋਜ਼ ਜਪਣ ਨਾਲ ਸਰਬ ਕਲਿਆਣ ਹੋਵੇ, ਮਨ ਦੀ ਅਸ਼ਾਂਤੀ ਮਿਟੇ ਤੇ ਬੰਧਨਾਂ ਦਾ ਨਾਸ ਹੋਵੇ।*

# ਸ਼ਬਦ ਨੰਬਰ ੧੩੩

ਗਉੜੀ ਮਾਝ ਮਹਲਾ ੫ ॥ *(ਪੰਨਾ ੨੧੮)*

ਹਰਿ ਰਾਮ ਰਾਮ ਰਾਮ ਰਾਮਾ ॥ ਜਪਿ ਪੂਰਨ ਹੋਏ ਕਾਮਾ ॥ ੧ ॥ ਰਹਾਉ ॥ ਰਾਮ ਗੋਬਿੰਦ ਜਪੇਦਿਆ ਹੋਆ ਮੁਖ ਪਵਿਤ੍ਰੁ ॥ ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ ॥ ੧ ॥ ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥ ੨ ॥ ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥ ੩ ॥ ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥ ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥ ੪ ॥ ੩ ॥ ੧੭੧ ॥

SIKHBOOKCLUB.COM

*ਵਿਧੀ ਤੇ ਮਹਾਤਮ – ਇਹ ਸ਼ਬਦ ੪੧ ਦਿਨ ੪੧ ਵਾਰੀ ਰੋਜ਼ ਜਪਣ ਨਾਲ ਸਭ ਮਨੋਰਥ ਪੂਰਨ ਹੋਵਣ ਤੇ ਸੰਸਾਰ ਵਿਚ ਉਜਲ ਜਸ ਫੈਲੇ ਤੇ ਮਾਨ ਸਤਕਾਰ ਵਧੇ।*

# ਸ਼ਬਦ ਨੰਬਰ ੧੩੪

ਆਸਾ ਮਹਲਾ ੧ ॥ *(ਪੰਨਾ ੩੬੦)*

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥ ੧ ॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥ ੨ ॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥ ੩ ॥ ੫ ॥ ੩੯ ॥

*ਵਿਧੀ ਤੇ ਮਹਾਤਮ - ਏਸ ਸ਼ਬਦ ਦਾ ਪਾਠ ੨੧ ਵਾਰੀ ਹਰ ਰੋਜ਼ ਕਰਨਾ ਸੋਮਵਾਰ ਤੋਂ ਲੈ ਕੇ ੪੦ ਦਿਨ ਕਰੇ ਤਾਂ ਬਿਪਤਾ ਸਮੇਂ ਰਖਿਆ ਹੋਵੇ।*

# ਸ਼ਬਦ ਨੰਬਰ ੧੩੫

ਆਸਾ ਮਹਲਾ ੫ ॥ (ਪੰਨਾ ੩੭੨)

ਪਰਦੇਸੁ ਝਾਗਿ ਸਉਦੇ ਕਉ ਆਇਆ ॥ ਵਸਤੁ ਅਨੂਪ ਸੁਣੀ ਲਾਭਾਇਆ ॥ ਗੁਣ ਰਾਸਿ ਬੰਨ੍ਹਿ ਪਲੈ ਆਨੀ ॥ ਦੇਖਿ ਰਤਨੁ ਇਹੁ ਮਨੁ ਲਪਟਾਨੀ ॥ ੧ ॥ ਸਾਹ ਵਾਪਾਰੀ ਦੁਆਰੈ ਆਏ ॥ ਵਖਰੁ ਕਾਢਹੁ ਸਉਦਾ ਕਰਾਏ ॥ ੧ ॥ ਰਹਾਉ ॥ ਸਾਹਿ ਪਠਾਇਆ ਸਾਹੈ ਪਾਸਿ ॥ ਅਮੋਲ ਰਤਨ ਅਮੋਲਾ ਰਾਸਿ ॥ ਵਿਸਟੁ ਸੁਭਾਈ ਪਾਇਆ ਮੀਤ ॥ ਸਉਦਾ ਮਿਲਿਆ ਨਿਹਚਲ ਚੀਤ ॥ ੨ ॥ ਭਉ ਨਹੀ ਤਸਕਰ ਪਉਣ ਨ ਪਾਨੀ ॥ ਸਹਜਿ ਵਿਹਾਝੀ ਸਹਜਿ ਲੈ ਜਾਨੀ ॥ ਸਤ ਕੈ ਖਟਿਐ ਦੁਖੁ ਨਹੀ ਪਾਇਆ ॥ ਸਹੀ ਸਲਾਮਤਿ ਘਰਿ ਲੈ ਆਇਆ ॥ ੩ ॥ ਮਿਲਿਆ ਲਾਹਾ ਭਏ ਅਨੰਦ ॥ ਧੰਨੁ ਸਾਹ ਪੂਰੇ ਬਖਸਿੰਦ ॥ ਇਹ ਸਉਦਾ ਗੁਰਮੁਖਿ ਕਿਨੈ ਵਿਰਲੈ ਪਾਇਆ ॥ ਸਹਲੀ ਖੇਪ ਨਾਨਕੁ ਲੈ ਆਇਆ ॥ ੪ ॥ ੬ ॥

SIKHBOOKCLUB.COM

*ਵਿਧੀ ਤੇ ਮਹਾਤਮ - ਏਸ ਸ਼ਬਦ ਦਾ ਪਾਠ ਦਸ ਵਾਰੀ ਬੁਧਵਾਰ ਦੇ ਦਿਨ ਤੋਂ ਰੋਜ਼ ਕਰੇ ਤਾਂ ਵਪਾਰ ਆਦਿਕ ਵਿਚ ਲਾਭ ਪ੍ਰਾਪਤ ਹੋਵੇ। ਕੋਈ ਵਣਜ ਕਰਨ ਲਗੇ ਤਾਂ ਪਹਿਲਾਂ ਇਸ ਸ਼ਬਦ ਦਾ ਪਾਠ ਕਰੇ ਉਸ ਸੌਦੇ ਵਿਚ ਅਵੱਸ਼ ਹੀ ਲਾਭ ਹੋਵੇ।*

# ਸ਼ਬਦ ਨੰਬਰ ੧੩੬

ਆਸਾ ਮਹਲਾ ੫ ॥ (ਪੰਨਾ ੩੭੨)

ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ ॥ ਨਹ ਦੇਖਿਓ ਰੂਪ ਰੰਗ ਸੀਗਾਰੋ ॥ ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥ ਬਾਹ ਪਕਰਿ ਪ੍ਰਿਅ ਸੇਜੈ ਆਨੀ ॥

੧ ॥ ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ॥ ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ ॥ ੧ ॥ ਰਹਾਉ ॥ ਸੁਹਾਗੁ ਹਮਾਰੋ ਅਬ ਹੁਣਿ ਸੋਹਿਓ ॥ ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ ॥ ਆਂਗਨਿ ਮੇਰੈ ਸੋਭਾ ਚੰਦ ॥ ਨਿਸਿ ਬਾਸੁਰ ਪ੍ਰਿਅ ਸੰਗਿ ਅਨੰਦ ॥ ੨ ॥ ਬਸਤ੍ਰ ਹਮਾਰੇ ਰੰਗਿ ਚਲੂਲ ॥ ਸਗਲ ਆਭਰਣ ਸੋਭਾ ਕੰਠਿ ਫੂਲ ॥ ਪ੍ਰਿਅ ਪੇਖੀ ਦ੍ਰਿਸਟਿ ਪਾਏ ਸਗਲ ਨਿਧਾਨ ॥ ਦੁਸਟ ਦੂਤ ਕੀ ਚੂਕੀ ਕਾਨਿ ॥ ੩ ॥ ਸਦ ਖੁਸੀਆ ਸਦਾ ਰੰਗ ਮਾਣੇ ॥ ਨਉ ਨਿਧਿ ਨਾਮੁ ਗ੍ਰਿਹ ਮਹਿ ਤ੍ਰਿਪਤਾਨੇ ॥ ਕਹੁ ਨਾਨਕ ਜਉ ਪਿਰਹਿ ਸੀਗਾਰੀ ॥ ਥਿਰੁ ਸੋਹਾਗਨਿ ਸੰਗਿ ਭਤਾਰੀ ॥ ੪ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦਾ ਪਾਠ ੧੦੦੦ ਸੋਮਵਾਰ ਤੋਂ ਲੈ ਕੇ ੪੦ ਦਿਨਾਂ ਵਿਚ ਪੁਰਸ਼ ਕਰੇ ਤਾਂ ਇਸਤ੍ਰੀ ਮਿਲੇ ਅਰ ਜੇ ਇਸਤ੍ਰੀ ਪਾਠ ਕਰੇ ਤਾਂ ਪਤੀ ਮਿਹਰਬਾਨ ਹੋਵੇ, ਗ੍ਰਿਹਸਤ ਦੇ ਸਭ ਸੁਖ ਪ੍ਰਾਪਤ ਹੋਣ।*

# ਸ਼ਬਦ ਨੰਬਰ ੧੩੭

SIKHBOOKCLUB.COM

ਆਸਾ ਮਹਲਾ ੫ ॥ (ਪੰਨਾ ੩੭੮)

ਹਰਿ ਜਨ ਲੀਨੇ ਪ੍ਰਭੂ ਛਡਾਇ ॥ ਪ੍ਰੀਤਮ ਸਿਉ ਮੇਰੋ ਮਨੁ ਮਾਨਿਆ ਤਾਪੁ ਮੂਆ ਬਿਖੁ ਖਾਇ ॥ ੧ ॥ ਰਹਾਉ ॥ ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥ ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ ॥ ੧ ॥ ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ ॥ ਗੁਨ ਨਿਧਾਨ ਨਿਤਿ ਗਾਵੈ ਨਾਨਕ ਸਹਸਾ ਦੁਖੁ ਮਿਟਾਇ ॥ ੨ ॥ ੩੧ ॥

*ਵਿਧੀ ਤੇ ਮਹਾਤਮ – ਏਸ ਸ਼ਬਦ ਦਾ ਪਾਠ ਪੰਜ ਵਾਰੀ ਰੋਜ਼ ਕਰੇ ਤਾਂ ਸਭ ਪ੍ਰਕਾਰ ਦਾ ਅਕਾਲ ਪੁਰਖ ਦੀ ਦਇਆ ਨਾਲ ਤਾਪ ਮਿਟੇ, ਰੋਗ ਦੂਰ ਹੋਵੇ, ਕਲਿਆਨ ਹੋਵੇ।*

# ਸ਼ਬਦ ਨੰਬਰ ੧੩੮

ਰਾਗੁ ਸੂਹੀ ਮਹਲਾ ੧ ਘਰੁ ੩ (ਪੰਨਾ ੭੬੪)

ੴ ਸਤਿਗੁਰ ਪ੍ਰਸਾਦਿ॥

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥ ੧॥

*ਵਿਧੀ ਤੇ ਮਹਾਤਮ — ਇਸ ਸ਼ਬਦ ਦਾ ੪੧ ਦਿਨ ਹਰ ਰੋਜ਼ ੪੧ ਵਾਰੀ ਪਾਠ ਕਰਨ ਨਾਲ ਚੰਗੇ ਸੰਬੰਧੀਆਂ ਨਾਲ ਸੰਜੋਗ ਜੁੜੇ। ਲੜਕੀ ਲੜਕੇ ਦਾ ਰਿਸ਼ਤਾ ਕਰਨ ਸਮੇਂ ਸਾਊ ਤੇ ਗੁਰਮੁਖ ਕੁੜਮਾਂ ਨਾਲ ਮਿਲਾਪ ਹੁੰਦਾ ਹੈ।*

SIKHBOOKCLUB.COM

# ਸ਼ਬਦ ਨੰਬਰ ੧੩੯

ਬਿਲਾਵਲੁ ਮਹਲਾ ੫॥ (ਪੰਨਾ ੮੧੯)

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥ ੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥ ੧॥ ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ੨॥ ੧੫॥ ੭੯॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੨੧ ਦਿਨ ੧੦੮ ਵਾਰ ਹਰ ਰੋਜ਼ ਪਾਠ ਕਰਨ ਨਾਲ ਸਰੀਰ ਦੀ ਰਖਿਆ ਹੋਵੇ, ਚੋਰਾਂ ਦਾ ਭੈ ਦੂਰ ਹੋਵੇ, ਰਾਤ ਨੂੰ ਬੁਰੇ ਸੁਪਨੇ ਨਹੀਂ ਆਉਂਦੇ। ਸੌਣ ਲਗਿਆਂ ਪੰਜ ਵਾਰੀ ਇਸ ਸ਼ਬਦ ਦਾ ਪਾਠ ਕਰਨ ਨਾਲ ਰਾਤ ਸੁਖੀ ਬੀਤਦੀ ਹੈ।*

# ਸ਼ਬਦ ਨੰਬਰ ੧੪੦

ਸੋਰਠਿ ਮਹਲਾ ੫ ॥ (ਪੰਨਾ ੬੧੧)

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ ੧ ॥ ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੇ ਤੂ ਰਾਖਿਆ ॥ ਰਹਾਉ ॥ ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥ ੨ ॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥ ੩ ॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ ੪ ॥ ੧੧ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ੪੧ ਦਿਨ ੪੧ ਵਾਰ ਹਰ ਰੋਜ਼ ਪਾਠ ਕਰਨ ਨਾਲ ਸਭ ਪ੍ਰਕਾਰ ਦੇ ਅਸਾਧ ਰੋਗ ਦੂਰ ਹੋਵਣ।*

# ਸ਼ਬਦ ਨੰਬਰ ੧੪੧

ਸਲੋਕ ਮਹਲਾ ੫ ॥

ਤਿਚਰੁ ਮੂਲਿ ਨ ਥੁੜੀਦੋ ਜਿਚਰੁ ਆਪਿ ਕ੍ਰਿਪਾਲੁ ॥ ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥ ੨੦ ॥

*ਵਿਧੀ ਤੇ ਮਹਾਤਮ – ਇਸ ਸਲੋਕ ਦਾ ਪਾਠ ਸੋਮਵਾਰ ਤੋਂ ਅਰੰਭ ਕਰਕੇ ੫੦ ਲੱਖ ਕਰਨਾ। ਇਸ ਸ਼ਬਦ ਨੂੰ ਸਿੱਧ ਕਰ ਲੈਣ ਨਾਲ ਭੰਡਾਰੇ ਵਿਚ ਕਦੀ ਤੋਟ ਨਹੀਂ ਆਉਂਦੀ। ਘਰ ਵਿਚ ਮਾਇਆ ਦੀ ਲਹਿਰ ਬਹਿਰ ਲਗ ਜਾਂਦੀ ਹੈ। ਸਭ ਪਦਾਰਥ ਆਉਣ ਲਗ ਪੈਂਦੇ ਹਨ।*

# ਸ਼ਬਦ ਨੰਬਰ ੧੪੨

ਸਲੋਕੁ ॥ ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥ ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥ ੧ ॥

*ਵਿਧੀ ਤੇ ਮਹਾਤਮ – ਇਹ ਸਲੋਕ ੨੧ ਦਿਨ ੪੦ ਵਾਰ ਹਰ ਰੋਜ਼ ਜਪਣ ਨਾਲ ਬੇਅੰਤ ਧਨ ਪ੍ਰਾਪਤ ਹੁੰਦਾ ਹੈ। ਕਦੀ ਤੋਟ ਨਹੀਂ ਆਉਂਦੀ।*

# ਸ਼ਬਦ ਨੰਬਰ ੧੪੩

ਸੋਰਠਿ ਮ: ੫ ॥ *(ਪੰਨਾ ੬੧੯)*

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ ॥ ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ ॥੧॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥ ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥ ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥ ੨ ॥ ੧੪ ॥ ੪੨ ॥

*ਵਿਧੀ ਤੇ ਮਹਾਤਮ–ਇਸ ਸ਼ਬਦ ਦੇ ੨੧ ਦਿਨ ਰੋਜ਼ ੨੧ ਪਾਠ ਕਰਨ ਨਾਲ ਹਰ ਤਰ੍ਹਾਂ ਦੇ ਮਾਨਸਕ, ਸਰੀਰਕ ਤੇ ਘਰੋਗੀ ਕਲੇਸ਼ ਨਵਿਰਤ ਹੋ ਜਾਂਦੇ ਹਨ।*

# ਸ਼ਬਦ ਨੰਬਰ ੧੪੪

ਗਉੜੀ ਮਹਲਾ ੫ ॥ *(ਪੰਨਾ ੨੦੧)*

ਹਰਿ ਸੰਗਿ ਰਾਤੇ ਭਾਹਿ ਨ ਜਲੈ ॥ ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ ਹਰਿ ਸੰਗਿ ਰਾਤੇ ਸੁਫਲ ਫਲਾ ॥ ੧ ॥ ਸਭ ਭੈ ਮਿਟਹਿ ਤੁਮਾਰੈ ਨਾਇ ॥ ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ ਹਰਿ ਸਿਉ ਸੋ ਰਚੈ ਜਿਸੁ ਸਾਧ

ਕਾ ਮੰਤਾ ॥ ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ ਹਰਿ ਸੰਗਿ ਰਾਤੇ ਪੂਰਨ ਆਸ ॥ ੨ ॥ ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥ ੩ ॥ ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ ਹਰਿ ਸੰਗਿ ਰਾਤੇ ਨਿਰਮਲ ਸੋਇ ॥ ਕਹੁ ਨਾਨਕ ਤਿਨ ਕਉ ਬਲਿ ਜਾਈ ॥ ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥ ੪ ॥ ੧੦੯ ॥

*ਵਿਧੀ ਤੇ ਮਹਾਤਮ – ਇਹ ਸ਼ਬਦ ੪੧ ਦਿਨ ਹਰ ਰੋਜ਼ ੧੦੮ ਵਾਰ ਪਾਠ ਕਰੋ। ਛਾਇਆ, ਟੂਣੇ ਦੂਰ ਹੋਵਣ। ਭੂਤ ਪ੍ਰੇਤ ਦਾ ਸਾਇਆ ਨਾਸ ਹੋਵੇ। ਦੇਹ ਅਰੋਗ ਹੋਵੇ ਘਰ ਵਿਚ ਸੁਖ ਸ਼ਾਂਤੀ ਵਰਤੇ।*

SIKHBOOKCLUB.COM

## ਸ਼ਬਦ ਨੰਬਰ ੧੪੫

ਸੋਰਠਿ ਮਹਲਾ ੫ ਘਰੁ ੨ ॥ *(ਪੰਨਾ ੬੧੩)*

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥ ੧ ॥ ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ ਕੀਤੇ ਕਉ ਮੇਰੈ ਸੰਮਾਨੈ ਕਰਣੈਹਾਰੁ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ ੨ ॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥ ੩ ॥ ਸਾਧ ਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ ੭ ॥ ੧੮ ॥

*ਵਿਧੀ ਤੇ ਮਹਾਤਮ – ਗਰਭ ਸਮੇਂ ਇਸਤਰੀ ਇਸ ਸ਼ਬਦ ਨੂੰ ੧੦ ਵਾਰ ਹਰ ਰੋਜ਼ ਪੜ੍ਹੇ, ਬੱਚਾ ਬੜੇ ਆਰਾਮ ਨਾਲ ਜਨਮੇ ਤੇ ਬਚੇ ਦੀ ਰਖਿਆ ਹੋਵੇ।*

# ਸ਼ਬਦ ਨੰਬਰ ੧੪੬

ਬਿਲਾਵਲੁ ਮਹਲਾ ੫ ॥ (ਪੰਨਾ ੮੧੯)

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥ ੧ ॥ ਰਹਾਉ ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧ ॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥ ੨ ॥ ੧੬ ॥ ੮੦ ॥

*ਵਿਧੀ ਤੇ ਮਹਾਤਮ - ਇਹ ਸ਼ਬਦ ੨੧ ਦਿਨ ਹਰ ਰੋਜ਼ ੧੦ ਵਾਰ ਜਪਣ ਨਾਲ ਬਚਾ ਤੰਦਰੁਸਤ ਹੋਵੇ ਤੇ ਕਸ਼ਟ ਕਲੇਸ਼ ਨਵਿਰਤ ਹੋ ਜਾਣ।*

# ਸ਼ਬਦ ਨੰਬਰ ੧੪੭

ਬਿਲਾਵਲੁ ਮਹਲਾ ੫ ॥ (ਪੰਨਾ ੮੨੬)

ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥ ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥ ੧ ॥ ਰਹਾਉ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ ॥ ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ ॥ ੧ ॥ ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ ॥ ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥ ੨ ॥ ੨੭ ॥ ੧੧੩ ॥

SIKHBOOKCLUB.COM

*ਵਿਧੀ ਤੇ ਮਹਾਤਮ - ਇਹ ਸ਼ਬਦ ੪੧ ਦਿਨ ਹਰ ਰੋਜ਼ ੪੧ ਵਾਰ ਜਪਣਾ। ਨਿੰਦਕ ਦੋਖੀ ਨਿੰਦਾ ਕਰਨ ਤੋਂ ਹਟ ਜਾਂਦੇ ਹਨ। ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ। ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਸਰਬ ਕਾਰਜਾਂ ਦੇ ਵਿਚ ਸਫਲਤਾ ਮਿਲਦੀ ਹੈ।*

# ਸ਼ਬਦ ਨੰਬਰ ੧੪੮

ਗਉੜੀ ਸੁਖਮਨੀ ਮ: ੫ ॥ (ਪੰਨਾ ੨੬੬)

ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥ ਤੁਮ੍ਹਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥ ੭ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਨੂੰ ੪੦ ਦਿਨ ਹਰ ਰੋਜ਼ ੪੦ ਵਾਰ ਜਪਣ ਨਾਲ ਬੇਅੰਤ ਧਨ ਪ੍ਰਾਪਤ ਹੋਵੇ, ਖਾਣ ਪੀਣ ਦੇ ਪਦਾਰਥਾਂ ਦੀ ਕਦੀ ਤੋਟ ਨਾ ਆਵੇ।*

# ਸ਼ਬਦ ਨੰਬਰ ੧੪੯

ਆਸਾ ਮਹਲਾ ੫ ॥ (ਪੰਨਾ ੩੮੩)

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ ੧ ॥ ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥ ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹਾਰੇ ॥ ੧ ॥ ਰਹਾਉ ॥ ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥ ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥ ੨ ॥ ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥ ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗਿ ਮਾਣੀ ॥ ੩ ॥ ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥ ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥ ੪ ॥

*ਵਿਧੀ ਤੇ ਮਹਾਤਮ - ਇਸ ਬੇਨਤੀ ਦੇ ਸ਼ਬਦ ਦਾ ਪਾਠ ਪੰਜ ਵਾਰੀ ਹਮੇਸ਼ਾਂ ਕਰੇ*

SIKHBOOKCLUB.COM

*ਜਾਂ ਹਰ ਵਕਤ ਪਾਠ ਕਰਦਾ ਰਹੇ ਤਾਂ ਹਰ ਸਮੇਂ ਅਕਾਲ ਪੁਰਖ ਹਰ ਪ੍ਰਾਕਰ ਦੀ ਰਖਿਆ ਕਰੇ। ਦੁਖ, ਕਲੇਸ਼, ਮੁਕੱਦਮਾ, ਬੀਮਾਰੀ ਆਦਿਕ ਬਿਪਤਾ ਤੋਂ ਹਰ ਪ੍ਰਕਾਰ ਦੀ ਰਖਿਆ ਹੋਵੇ।*

# ਸ਼ਬਦ ਨੰਬਰ ੧੫੦

ਸੂਹੀ ਛੰਤ ਮਹਲਾ ੪ ਘਰੁ ੨ ॥ *(ਪੰਨਾ ੭੭੫)*

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾਧਨ ਕੰਤ ਪਿਆਰੀ॥ ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥ਸੁਰਿਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ॥ ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ॥ ੪ ॥ ੧ ॥

*ਵਿਧੀ ਤੇ ਮਹਾਤਮ -ਇਸ ਸ਼ਬਦ ਨੂੰ ੪੦ ਦਿਨਾਂ ਵਿਚ ੨੦ ਹਜ਼ਾਰ ਜਪਣ ਨਾਲ ਲੜਕੇ ਜਾਂ ਲੜਕੀ ਦੀ ਚੰਗੇ ਘਰ ਵਿਚ ਸ਼ੀਘਰ ਕੁੜਮਾਈ ਹੋਵੇ। ਘਰ ਵਿਚ ਆਨੰਦ ਮੰਗਲਾਚਾਰ ਬਣਿਆ ਰਹੇ।*

SIKHBOOKCLUB.COM

# ਸ਼ਬਦ ਨੰਬਰ ੧੫੧

ਤਿਲੰਗ ਮਹਲਾ ੫ ਘਰੁ ੩ ॥ *(ਪੰਨਾ ੭੨੪)*

ਮਿਹਰਵਾਨੁ ਸਾਹਿਬੁ ਮਿਹਰਵਾਨੁ॥ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ ਦੇਇ ਦਾਨੁ॥ ਰਹਾਉ॥ ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ੧ ॥ ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥ ੨ ॥ ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ॥ ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ

ਸਾਹੁ ॥ ੩ ॥ ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥ ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥ ੪ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਨੂੰ ੨੧ ਦਿਨ ੨੧ ਵਾਰ ਹਰ ਰੋਜ਼ ਜਪਣ ਨਾਲ ਡੋਲਦਾ ਮਨ ਟਿਕ ਜਾਂਦਾ ਹੈ ਤੇ ਪ੍ਰਭੂ ਤੇ ਭਰੋਸਾ ਬੱਝਦਾ ਹੈ। ਬੇਰੁਜ਼ਗਾਰੀ ਨਾਸ ਹੋ ਜਾਂਦੀ ਹੈ ਤੇ ਬੜਾ ਚੰਗਾ ਕਾਰ ਵਿਹਾਰ ਲਭ ਜਾਂਦਾ ਹੈ।*

# ਸ਼ਬਦ ਨੰਬਰ ੧੫੨

ਆਸਾ ਮਹਲਾ ੫ ॥ (ਪੰਨਾ ੩੮੫)

ਪਾਵਤੁ ਰਲੀਆ ਜੋਬਨਿ ਬਲੀਆ ॥ ਨਾਮ ਬਿਨਾ ਮਾਟੀ ਸੰਗਿ ਰਲੀਆ ॥ ੧ ॥ ਕਾਨ ਕੁੰਡਲੀਆ ਬਸਤ੍ਰ ਓਢਲੀਆ ॥ ਸੇਜ ਸੁਖਲੀਆ ਮਨਿ ਗਰਬਲੀਆ ॥ ੧ ॥ ਰਹਾਉ ॥ ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥ ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥ ੨ ॥ ਰੂਪ ਸੁੰਦਰੀਆ ਅਨਿਕ ਇਸਤਰੀਆ ॥ ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥ ੩ ॥ ਮਾਇਆ ਛਲੀਆ ਬਿਕਾਰ ਬਿਖਲੀਆ ॥ ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥ ੪ ॥

SIKHBOOKCLUB.COM

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ੧੧ ਸੌ ਵਾਰੀ ਮੰਗਲਵਾਰ ਤੋਂ ਲੈ ਕੇ ੪੧ ਦਿਨਾਂ ਵਿਚ ਕਰੇ ਤਾਂ ਮਨ ਨਿਰਮਲ ਹੋਵੇ, ਈਸ਼ਵਰ ਦੀ ਭਗਤੀ ਵਲ ਮਨ ਲਗੇ।*

# ਸ਼ਬਦ ਨੰਬਰ ੧੫੩

ਆਸਾ ਮਹਲਾ ੫ ॥ (ਪੰਨਾ ੩੮੫)

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥ ੧ ॥ ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥ ੧ ॥ ਰਹਾਉ ॥ ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥ ੨ ॥ ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ ਨਾਮਿ

ਰਤਾ ਸੋਈ ਨਿਰਬਾਣੁ ॥ ੩ ॥ ਜਾਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾਕਾ ਪੂਰ ਖਜਾਨਾ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ਹਰ ਰੋਜ਼ ਪੰਜ ਵਾਰੀ ਕਰੇ ੪੧ ਦਿਨ ਤਾਂ ਮਨ ਦਾ ਹਰ ਪ੍ਰਕਾਰ ਦਾ ਸਹਿਸਾ ਭਰਮ ਆਦਿਕ ਦੂਰ ਹੋਵੇ। ਨਾਮ ਰੂਪੀ ਖਜ਼ਾਨਾ ਪਰਾਪਤ ਹੋਵੇ।*

# ਸ਼ਬਦ ਨੰਬਰ ੧੫੪

ਆਸਾ ਮਹਲਾ ੫ ॥ *(ਪੰਨਾ ੩੯੨)*

ਸਗਲ ਸੂਖ ਜਪਿ ਏਕੈ ਨਾਮ ॥ ਸਗਲ ਧਰਮ ਹਰਿ ਕੇ ਗੁਣ ਗਾਮ ॥ ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ ੧ ॥ ਗੁਰਪ੍ਰਸਾਦਿ ਓਇ ਆਨੰਦ ਪਾਵੈ ॥ ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥ ੧ ॥ ਰਹਾਉ ॥ ਵਰਤ ਨੇਮ ਮਜਨ ਤਿਸੁ ਪੂਜਾ ॥ ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥ ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ ਸਾਧ ਸੰਗਤਿ ਜਾ ਕੈ ਹਰਿ ਹਰਿ ਨਾਮੁ ॥ ੨ ॥ ਪ੍ਰਗਟਿਓ ਸੋ ਜਨੁ ਸਗਲੇ ਭਵਨ ॥ ਪਤਿਤ ਪੁਨੀਤ ਤਾ ਕੀ ਪਗ ਰੇਨ ॥ ਜਾ ਕਉ ਭੇਟਿਓ ਹਰਿ ਹਰਿ ਰਾਇ ॥ ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥ ੩ ॥ ਆਠ ਪਹਰ ਕਰ ਜੋੜਿ ਧਿਆਵਉ ॥ ਉਨ ਸਾਧਾ ਕਾ ਦਰਸਨੁ ਪਾਵਉ ॥ ਮੋਹਿ ਗਰੀਬ ਕਉ ਲੇਹੁ ਰਲਾਇ ॥ ਨਾਨਕ ਆਇ ਪਏ ਸਰਣਾਇ ॥ ੪ ॥ ੩੮ ॥ ੮੯ ॥

*ਵਿਧੀ ਤੇ ਮਹਾਤਮ - ਜੇ ਕਿਸੇ ਪਾਪ ਦਾ ਪ੍ਰਾਸਚਿਤ (ਪਛਤਾਵਾ) ਕਰਨਾ ਹੋਵੇ ਤਾਂ ਏਸ ਸ਼ਬਦ ਦਾ ਪਾਠ ਪੰਜ ਹਜ਼ਾਰ ਵਾਰੀ ਕਰੇ ਸੋਮਵਾਰ ਤੋਂ ਲੈ ਕੇ, ਤਾਂ ਮਨ ਦੇ ਸਰਬ ਪਾਪ ਦੂਰ ਹੋਵਣ।*

SIKHBOOKCLUB.COM

# ਸ਼ਬਦ ਨੰਬਰ ੧੫੫

ਆਸਾ ਮਹਲਾ ੫ ਪੰਚਪਦਾ ॥ (ਪੰਨਾ ੩੯੩)

ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥੧॥ ਸਤਿਗੁਰ ਪੂਰੈ ਸਾਚੁ ਕਹਿਆ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ॥੧॥ਰਹਾਉ॥ ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥੨॥ ਜਹ ਆਵਟੇ ਬਹੁਤ ਘਨ ਸਾਥ॥ ਪਾਰਬ੍ਰਹਮ ਕੇ ਸੰਗੀ ਸਾਧ॥੩॥ ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥੪॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ॥ ਵਾਜੇ ਤਾਕੈ ਅਨਹਦ ਤੂਰਾ॥੫॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ੪੧ ਵਾਰੀ ਘਰੋਂ ਬਾਹਰ ਜਾਣ ਸਮੇਂ ਕਰੇ ਤਾਂ ਸਫਰ ਵਿਚ ਸਤਿਗੁਰ ਹਰ ਪ੍ਰਕਾਰ ਦੀ ਰਖਿਆ ਕਰੇ, ਸੁਖ ਸਾਂਦ ਨਾਲ ਟਿਕਾਣੇ ਪਹੁੰਚ ਜਾਵੇ, ਪਰੰਤੂ ਹਰ ਰੋਜ਼ ਦਸ ਵਾਰੀ ਇਸ ਸ਼ਬਦ ਦਾ ਪਾਠ ਕਰਨਾ ਜ਼ਰੂਰੀ ਹੈ।*

# ਸ਼ਬਦ ਨੰਬਰ ੧੫੬

SIKHBOOKCLUB.COM

ਆਸਾ ਮਹਲਾ ੫ ॥ (ਪੰਨਾ ੩੯੬)

ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥ ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥ ੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ਰਹਾਉ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥ ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥੨॥ ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥ ਮਨਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥ ੩ ॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥

ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥ ੪ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਦਸ ਵਾਰੀ ਪੁਤ੍ਰ ਜਨਮ ਸਮੇਂ ਕਰੇ ਤਾਂ ਸਰਬ ਪ੍ਰਕਾਰ ਦਾ ਅਨੰਦ ਖੁਸ਼ੀ ਪਰਾਪਤ ਹੋਵੇ। ੨੧ ਦਿਨ ਪਾਠ ਦਸ ਵਾਰੀ ਰੋਜ਼ ਕਰਦਾ ਰਹੇ ਤਾਂ ਬਾਲਕ ਦੀ ਹਰ ਤਰ੍ਹਾਂ ਦੀ ਰਖਿਆ ਹੁੰਦੀ ਰਹੇ।*

## ਸ਼ਬਦ ਨੰਬਰ ੧੫੭

ਆਸਾ ਮਹਲਾ ੫ ॥ *(ਪੰਨਾ ੩੯੯)*

ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥ ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥ ੧ ॥ ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥ ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥ ੧ ॥ ਰਹਾਉ ॥ ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥ ੨ ॥ ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥ ੩ ॥ ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ ੪ ॥

SIKHBOOKCLUB.COM

*ਵਿਧੀ ਤੇ ਮਹਾਤਮ – ਏਸ ਸ਼ਬਦ ਦਾ ਪਾਠ ਪੰਜ ਹਜ਼ਾਰ ਵਾਰੀ ਐਤਵਾਰ ਤੋਂ ਲੈ ਕੇ ਚਾਲੀਸ ਦਿਨਾਂ ਵਿਚ ਕਰੇ ਤਾਂ ਸਰਬ ਸਬੰਧੀ, ਮਿੱਤਰ ਅਤੇ ਰਿਸ਼ਤੇਦਾਰ ਵਿਛੜਿਆਂ ਦਾ ਮਿਲਾਪ ਹੋਵੇ। ਪ੍ਰਦੇਸ ਗਏ ਲਈ ਪਾਠ ਕਰੇ ਤਾਂ ਜਲਦੀ ਵਾਪਸ ਆਵੇ।*

## ਸ਼ਬਦ ਨੰਬਰ ੧੫੮

ਆਸਾ ਮਹਲਾ ੫ ॥ *(ਪੰਨਾ ੪੦੩)*

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥ ੧ ॥ ਸੇਵਕ ਕਉ ਨਿਕਟੀ

ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥ ੧ ॥ ਰਹਾਉ ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥ ੨ ॥

*ਵਿਧੀ ਤੇ ਮਹਾਤਮ –ਇਸ ਸ਼ਬਦ ਦਾ ਪਾਠ ਪੰਜ ਵਾਰੀ ਹਮੇਸ਼ਾਂ ਹਰ ਰੋਜ਼ ਪ੍ਰਾਤਾਕਾਲ ਕਰੇ ਤਾਂ ਅਕਾਲ ਪੁਰਖ ਹਰ ਸਮੇਂ ਪੀੜਾ, ਬਿਪਤਾ, ਸੰਕਟ ਮੁਕਦਮੇ, ਰੋਗ ਆਦਿਕ ਵਿਚ ਸਹਾਇਤਾ ਕਰੇ।*

# ਸ਼ਬਦ ਨੰਬਰ ੧੫੯

ਸੋਰਠਿ ਮਹਲਾ ੫ ॥ *(ਪੰਨਾ ੬੩੧)*

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧ ॥ ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥੧ ॥ ਰਹਾਉ ॥ ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥ ੨ ॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੨੧ ਦਿਨਾਂ ਵਿਚ ੨੧ ਹਜ਼ਾਰ ਪਾਠ ਕਰਨ ਨਾਲ ਕੈਦ ਆਦਿਕ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ।*

# ਸ਼ਬਦ ਨੰਬਰ ੧੬੦

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥ ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥ ੨੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੪੦ ਦਿਨ ਲਗਾਤਾਰ ਪਾਠ ਕਰਨ ਨਾਲ ਮਿਤ੍ਰ ਦਾ ਮਿਲਾਪ ਹੋ ਜਾਂਦਾ ਹੈ।*

# ਸ਼ਬਦ ਨੰਬਰ ੧੯੧

ਸੋਰਠਿ ਮਹਲਾ ੫ ॥ (ਪੰਨਾ ੬੧੦)

ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥ ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥ ੧ ॥ ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥ ੨ ॥ ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥ ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥ ੩ ॥ ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥ ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥ ੪ ॥ ੭ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ੧੦ ਵਾਰੀ ਰੋਜ਼ ਹਮੇਸ਼ਾਂ ਕਰੇ ਤਾਂ ਮਨ ਦੇ ਸਰਬ ਪਾਪ ਮਿਟਣ, ਦੁਖ ਦੂਰ ਹੋਵਣ, ਹਿਰਦਾ ਨਿਰਮਲ ਹੋਵੇ, ਵਿਕਾਰ ਆਦਿਕ ਬੁਰੇ ਰੋਗ ਦੂਰ ਹੋਵਣ ਅਰ ਸ਼ੁਭ ਕਾਰਜਾਂ ਵਲ ਚਿੱਤ ਹਰਦਮ ਲਗੇ।*

SIKHBOOKCLUB.COM

# ਸ਼ਬਦ ਨੰਬਰ ੧੯੨

ਸੋਰਠਿ ਮਹਲਾ ੫ ॥ (ਪੰਨਾ ੬੧੪)

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥ ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ ੧ ॥ ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥ ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥ ੨ ॥ ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ

ਸਗਲੋ ਲੇਖਾ ॥ ੩ ॥ ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦਾ ਪਾਠ ਦਸ ਵਾਰੀ ਐਤਵਾਰ ਦੇ ਦਿਨ ਹਮੇਸ਼ਾਂ ਕਰੇ ਤਾਂ ਹਰ ਪ੍ਰਕਾਰ ਦੇ ਦੁਖ, ਤਕਲੀਫ, ਸੰਕਟ ਅਕਾਲ ਪੁਰਖ ਦੀ ਸਹਾਇਤਾ ਨਾਲ ਦੂਰ ਹੋਵਣ।*

# ਸ਼ਬਦ ਨੰਬਰ ੧੬੩

ਸੋਰਠਿ ਮਹਲਾ ੫ ॥ *(ਪੰਨਾ ੬੨੪)*

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥ ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ ਹਰਿ ਜੀਉ ਨਿਮਾਣਿਆ ਤੂ ਮਾਣੁ ॥ ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥ ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥ ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ੨ ॥ ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥ ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥ ੩ ॥ ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥ ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥ ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥ ੪ ॥

*ਵਿਧੀ ਤੇ ਮਹਾਤਮ – ਕੋਈ ਬੰਦਾ ਕੈਦ ਵਿਚ ਹੋਵੇ ਜਾਂ ਮੁਕੱਦਮੇ ਵਿਚ ਫਸਿਆ ਹੋਵੇ ਜਾਂ ਕੋਈ ਔਖਾ ਕਾਰਜ ਅਟਕਿਆ ਹੋਵੇ ਤਾਂ ਪਿਛਲੇ ਪਹਿਰ ਉਠ ਕੇ ਇਸ਼ਨਾਨ ਕਰਕੇ ਸਤਿਗੁਰੂ ਨਾਨਕ ਦੇਵ ਜੀ ਦਾ ਧਿਆਨ ਕਰਕੇ ੧੧ ਪਾਠ ਰੋਜ਼ ਕਰੇ ਤਾਂ ਕੈਦੀ ਛੂਟੇ, ਮੁਕੱਦਮਾ ਫਤਹ ਹੋਵੇ, ਸਭ ਕਾਰਜ ਰਾਸ ਹੋਵਣ।*

# ਸ਼ਬਦ ਨੰਬਰ ੧੬੪

ਜੈਤਸਰੀ ਮਹਲਾ ੪ ਘਰੁ ੧ ਚਉਪਦੇ *(ਪੰਨਾ ੬੯੬)*

ੴ ਸਤਿਗੁਰ ਪ੍ਰਸਾਦਿ ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥ ੧ ॥ ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥ ੨ ॥ ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥ ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥ ੧ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਦਸ ਹਜ਼ਾਰ ਕਰੇ, ਬੁਧਵਾਰ ਤੋਂ ਪੰਜ ਸੌ ਪਾਠ ਰੋਜ਼ ਪ੍ਰਾਤਹਕਾਲ ਸਮੇਂ ਕਰੇ ਤਾਂ ਕਾਰਜ ਸੁਧਰੇ। ਜੇ ਨੌਕਰੀ ਵਿਚ ਤਰੱਕੀ ਨਾ ਹੁੰਦੀ ਹੋਵੇ ਤਾਂ ਤਰੱਕੀ ਹੋਵੇ।*

# ਸ਼ਬਦ ਨੰਬਰ ੧੬੫

ਟੋਡੀ ਮਹਲਾ ੫ ॥ *(ਪੰਨਾ ੭੧੪)*

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥ ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਨਿ ਸਿਰੁ ਕਾਟਿਓ ॥ ੧ ॥ ਰਹਾਉ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥ ੧ ॥ ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ

ਕੀਆ ਪਾਇਆ ॥ ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥ ੨ ॥

*ਵਿਧੀ ਤੇ ਮਹਾਤਮ-ਕਿਸੇ ਦੁਸ਼ਮਣ ਚੁਗਲਖੋਰ ਨੂੰ ਦੁਸ਼ਟਪੁਣੇ ਤੋਂ ਹਟਾਉਣਾ ਹੋਵੇ ਤਾਂ ਇਸ ਸ਼ਬਦ ਦੀਆਂ ੨ ਮਾਲਾ ਰੋਜ਼ ਫੇਰੇ, ਦੁਸ਼ਮਣ ਦਾ ਧਿਆਨ ਦਿਲ ਵਿਚ ਰਖੇ ਤਾਂ ਦੁਸ਼ਮਣ ਦੁਸ਼ਮਣਾਈ ਛੱਡ ਦੇਵੇਗਾ ਜਾਂ ਦੁਖੀ ਹੋਵੇਗਾ। ੨ ਮਾਲਾ ਰੋਜ਼ ਕਰੇ, ੨੧ ਦਿਨ ਕਰਦਾ ਰਵ੍ਹੇ।*

# ਸ਼ਬਦ ਨੰਬਰ ੧੯੬

ਬਿਲਾਵਲੁ ਮਹਲਾ ੫ ॥ *(ਪੰਨਾ ੮੨੩)*

ਨਿੰਦਕੁ ਐਸੇ ਹੀ ਝਰਿ ਪਰੀਐ ॥ ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥ ੧ ॥ ਰਹਾਉ ॥ ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ ੧ ॥ ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ ॥ ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥ ੨ ॥

*ਵਿਧੀ ਤੇ ਮਹਾਤਮ-ਜੇ ਕੋਈ ਦੁਸ਼ਮਣ ਵਿਗਾੜ ਕਰੇ ਜਾਂ ਬੁਰਿਆਈ ਕਰਨ ਨੂੰ ਚਿਤਵਦਾ ਹੋਵੇ ਤਾਂ ੧੦ ਹਜ਼ਾਰ ਸੋਮਵਾਰ ਤੋਂ ਲੈ ਕੇ ੧੩ ਦਿਨਾਂ ਵਿਚ ਦੁਪਹਿਰ ਸਮੇਂ ਇਸ ਸ਼ਬਦ ਦਾ ਪਾਠ ਕਰੇ ਤਾਂ ਦੁਸ਼ਮਣ ਦੇ ਕੰਮ ਵਿਚ ਵਿਗਾੜ ਹੋਵੇ, ਉਸ ਦੀਆਂ ਸਭ ਆਸਾਂ ਨਿਸਫਲ ਜਾਣ ਅਰ ਬੁਰਾਈ ਕਰਨੀ ਛੱਡ ਦੇਵੇ, ਬੁਰਾਈ ਉਲਟੀ ਹੋ ਕੇ ਉਸ ਨੂੰ ਪਵੇ।*

# ਸ਼ਬਦ ਨੰਬਰ ੧੯੭

ਬਿਲਾਵਲੁ ਮਹਲਾ ੫ ॥ *(ਪੰਨਾ ੮੨੫)*

ਸੁਲਹੀ ਤੇ ਨਾਰਾਇਣ ਰਾਖੁ ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ

ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥ ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥ ੨ ॥

*ਵਿਧੀ ਤੇ ਮਹਾਤਮ- ਇਸ ਸ਼ਬਦ ਦਾ ਪਾਠ ਚਾਰ ਦਿਨਾਂ ਵਿਚ ਚਾਰ ਹਜ਼ਾਰ ਮੰਗਲਵਾਰ ਤੋਂ ਲੈ ਕੇ ਕਰੇ ਤਾਂ ਨਿੰਦਕ ਅਤੇ ਦੁਸ਼ਮਣ ਤੋਂ ਹਰ ਪ੍ਰਕਾਰ ਦੀ ਰਖਿਆ ਹੋਵੇ। ਦੁਸ਼ਮਣ ਨੂੰ ਪ੍ਰਭੂ ਆਪ ਸੰਭਾਲੇ।*

# ਸ਼ਬਦ ਨੰਬਰ ੧੬੮

ਆਸਾ ਮਹਲਾ ੫ ॥ *(ਪੰਨਾ ੩੯੬)*

ਗੁਰ ਪੂਰੇ ਰਾਖਿਆ ਦੇ ਹਾਥ ॥ ਪ੍ਰਗਟੁ ਭਇਆ ਜਨ ਕਾ ਪਰਤਾਪੁ ॥ ੧ ॥ ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥ ਸਰਨਿ ਪਰੇ ਸਾਚੇ ਗੁਰਦੇਵ ॥ ਪੂਰਨ ਹੋਈ ਸੇਵਕ ਸੇਵ ॥ ੨ ॥ ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ ਕਹੁ ਨਾਨਕ ਗੁਰ ਕਉ ਕੁਰਬਾਨ ॥ ੩ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦੇ ੨੧ ਦਿਨ ਰੋਜ਼ ਹੀ ਅੰਮ੍ਰਿਤ ਵੇਲੇ ੧੧ ਪਾਠ ਕਰਨੇ। ਭੂਤ, ਪ੍ਰੇਤ ਅਤੇ ਛਾਇਆ ਤੋਂ ਰੱਖਿਆ ਹੋਵੇ।*

# ਸ਼ਬਦ ਨੰਬਰ ੧੬੯

ਸੂਹੀ ਮਹਲਾ ੫ ॥ *(ਪੰਨਾ ੭੮੩)*

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥

ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧॥

*ਵਿਧੀ ਤੇ ਮਹਾਤਮ - ਇਸ ਸ਼ਬਦ ਨੂੰ ਮਕਾਨ ਜਾਂ ਦੁਕਾਨ ਬਨਾਉਣ ਸਮੇਂ ੪੦ ਦਿਨ ੪੦ ਵਾਰ ਜਪੋ। ਮਕਾਨ ਤੇ ਦੁਕਾਨ ਸੁਹੰਢਣੀ ਹੋਵੇ। ਸਰਬ ਮਨੋਰਥ ਪੂਰੇ ਹੋਣ।*

# ਸ਼ਬਦ ਨੰਬਰ ੧੭੦

ਸਵਈਏ ਮਹਲਾ ੪ ॥ *(ਪੰਨਾ ੧੩੯੯)*

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥ ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥ ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥ ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ॥ ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥ ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥ ੩॥

*ਵਿਧੀ ਤੇ ਮਹਾਤਮ - ਇਸ ਸਵੱਯੇ ਨੂੰ ਐਤਵਾਰ ੨੦ ਵਾਰ ਜਪੇ ਤਾਂ ਕਰਨ ਵਾਲੇ ਕਾਰਜ ਵਿਚ ਸਹਾਇਤਾ ਮਿਲੇ।*

# ਸ਼ਬਦ ਨੰਬਰ ੧੭੧

ਮਲਾਰ ਮਹਲਾ ੫॥ *(ਪੰਨਾ ੧੨੬੭)*

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ॥ ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ॥ ੧॥ ਰਹਾਉ॥ ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ॥ ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ॥੧॥ ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ॥ ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ॥ ੨॥ ੨॥ ੬॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ੨੧ ਦਿਨ ਪਾਠ ਰੋਜ਼ਾਨਾ ਕਰਨ ਨਾਲ ਪਤੀ ਦਾ ਮਿਲਾਪ ਹੁੰਦਾ ਹੈ।*

## ਸ਼ਬਦ ਨੰਬਰ ੧੭੨

ਗੋਂਡ ਮਹਲਾ ੫ ॥ *(ਪੰਨਾ ੮੬੬)*

ਕਰਿ ਕਿਰਪਾ ਸੁਖ ਅਨਦ ਕਰੇਇ ॥ ਬਾਲਕ ਰਾਖਿ ਲੀਏ ਗੁਰਦੇਵਿ ॥ ਪ੍ਰਭ ਕਿਰਪਾਲ ਦਇਆਲ ਗੋੁਬਿੰਦ ॥ ਜੀਅ ਜੰਤ ਸਗਲੇ ਬਰਸਿੰਦ ॥ ੧ ॥ ਤੇਰੀ ਸਰਣਿ ਪ੍ਰਭ ਦੀਨ ਦਇਆਲ ॥ ਪਾਰਬ੍ਰਹਮ ਜਪਿ ਸਦਾ ਨਿਹਾਲ ॥ ੧ ॥ ਰਹਾਉ ॥ ਪ੍ਰਭ ਦਇਆਲ ਦੂਸਰ ਕੋਈ ਨਾਹੀ ॥ ਘਟ ਘਟ ਅੰਤਰਿ ਸਰਬ ਸਮਾਹੀ ॥ ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ ॥ ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹਾਰੈ ॥ ੨ ॥ ਅਉਖਧ ਕੋਟਿ ਸਿਮਰਿ ਗੋਬਿੰਦ ॥ ਤੰਤੁ ਮੰਤੁ ਭਜੀਐ ਭਗਵੰਤ ॥ ਰੋਗ ਸੋਗ ਮਿਟੇ ਪ੍ਰਭ ਧਿਆਏ ॥ ਮਨ ਬਾਂਛਤ ਪੂਰਨ ਫਲ ਪਾਏ ॥ ੩ ॥ ਕਰਨ ਕਾਰਨ ਸਮਰਥ ਦਇਆਰ ॥ ਸਰਬ ਨਿਧਾਨ ਮਹਾ ਬੀਚਾਰ ॥ ਨਾਨਕ ਬਖਸਿ ਲੀਏ ਪ੍ਰਭਿ ਆਪਿ ॥ ਸਦਾ ਸਦਾ ਏਕੋ ਹਰਿ ਜਾਪਿ ॥ ੪ ॥

*ਵਿਧੀ ਤੇ ਮਹਾਤਮ – ਜੋ ਇਸ ਸ਼ਬਦ ਦਾ ਪਾਠ ੧੦ ਵਾਰੀ ਰੋਜ਼ ਹਮੇਸ਼ਾ ਕਰੇ ਤਾਂ ਹਰ ਪ੍ਰਕਾਰ ਦਾ ਸੁਖ ਮਿਲੇ, ਸਭ ਕਾਰਜ ਸੰਪੂਰਨ ਹੋਣ, ਹਰ ਸਮੇਂ ਸਹਾਇਤਾ ਹੋਵੇ। ਰੋਗ, ਬਿਮਾਰੀ, ਮੁਕੱਦਮੇ ਤੋਂ ਖਲਾਸੀ ਹੋਵੇ।*

## ਸ਼ਬਦ ਨੰਬਰ ੧੭੩

ਗੋਂਡ ਮਹਲਾ ੫ ॥ *(ਪੰਨਾ ੮੬੮)*

ਜਾ ਕਉ ਰਾਖੈ ਰਾਖਣਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥ ੧ ॥ ਰਹਾਉ ॥ ਮਾਤ ਗਰਭ ਮਹਿ ਅਗਨਿ ਨ ਜੋਹੈ ॥ ਕਾਮੁ ਕ੍ਰੋਧੁ ਲੋਭੁ ਮੋਹੁ ਨ

ਪੋਹੈ ॥ ਸਾਧਸੰਗਿ ਜਪੈ ਨਿਰੰਕਾਰੁ ॥ ਨਿੰਦਕ ਕੈ ਮੁਹਿ ਲਾਗੈ ਛਾਰੁ ॥੧॥ ਰਾਮ ਕਵਚੁ ਦਾਸ ਕਾ ਸੰਨਾਹੁ ॥ ਦੂਤ ਦੁਸਟ ਤਿਸੁ ਪੋਹਤ ਨਾਹਿ ॥ ਜੋ ਜੋ ਗਰਬੁ ਕਰੇ ਸੋ ਜਾਇ ॥ ਗਰੀਬ ਦਾਸ ਕੀ ਪ੍ਰਭੁ ਸਰਣਾਇ ॥੨॥ ਜੋ ਜੋ ਸਰਣਿ ਪਇਆ ਹਰਿ ਰਾਇ ॥ ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥ ਜੇ ਕੋ ਬਹੁਤੁ ਕਰੇ ਅਹੰਕਾਰੁ ॥ ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥੩॥ ਹੈ ਭੀ ਸਾਚਾ ਹੋਵਣਹਾਰੁ ॥ ਸਦਾ ਸਦਾ ਜਾਈਂ ਬਲਿਹਾਰ ॥ ਅਪਣੇ ਦਾਸ ਰਖੇ ਕਿਰਪਾ ਧਾਰਿ ॥ ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥੪॥

*ਵਿਧੀ ਤੇ ਮਹਾਤਮ – ਇਸ ਸ਼ਬਦ ਦਾ ਪਾਠ ਪੰਜ ਵਾਰੀ ਰੋਜ਼ ਗਰਭਵਤੀ ਕਰੇ ਤਾਂ ਗਰਭ ਦੀ ਰਖਿਆ ਹੋਵੇ, ਮੁਕੱਦਮੇ ਵਾਲਾ ਕਰੇ ਕਾਰਜ ਸਿੱਧ ਹੋ ਜਾਵੇ ਅਤੇ ਸਭ ਪ੍ਰਕਾਰ ਦੀ ਰਖਿਆ ਅਕਾਲ ਪੁਰਖ ਦੀ ਦਇਆ ਨਾਲ ਹੋਵੇ, ਦੁਸ਼ਮਣ ਉਸਦੇ ਦੂਰ ਹੋਵਣ।*

SIKHBOOKCLUB.COM

## ਸ਼ਬਦ ਨੰਬਰ ੧੭੪

ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ॥ *(ਪੰਨਾ ੮੭੩)*

ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥ ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥ ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥ ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥੧॥ ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥ ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥੨॥੩॥

*ਵਿਧੀ ਤੇ ਮਹਾਤਮ–ਇਸ ਸ਼ਬਦ ਦੇ ੧੧ ਪਾਠ ਰੋਜ਼ ਕਰੇ ਤਾਂ ਅਕਾਲ ਪੁਰਖ ਸਭ ਪ੍ਰਕਾਰ ਦੀ ਰਖਿਆ ਕਰੇ ਅਤੇ ਸਰਬ ਕਾਰਜ ਸਿੱਧ ਹੋਵਣ, ਭਗਤੀ ਪ੍ਰਾਪਤ ਹੋਵੇ, ਅੰਤਕਾਲ ਮੁਕਤੀ ਪਾਵੇ।*

# ਸ਼ਬਦ ਨੰਬਰ ੧੭੫

ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ॥ (ਪੰਨਾ ੮੭੪)

ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥੧॥ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥ ੧॥ ਰਹਾਉ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੂ ਢਮਕਾਵੈ॥੨॥ਮਹਾ ਮਾਈ ਕੀ ਪੂਜਾ ਕਰੈ॥ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥੪॥ਗੁਰਮਤਿ ਰਾਮ ਨਾਮ ਗਹੁ ਮੀਤਾ॥ਪ੍ਰਣਵੈ ਨਾਮਾ ਇਉ ਕਹੈ ਗੀਤਾ॥੫॥

*ਵਿਧੀ ਤੇ ਮਹਾਤਮ – ਏਸ ਸ਼ਬਦ ਦੇ ੧੦ ਪਾਠ ਰੋਜ਼ ਸ਼ਨੀਵਾਰ ਤੋਂ ਕਰੇ ਤਾਂ ਸਭ ਭੂਤਾਂ ਪਰੇਤਾਂ ਤੋਂ ਰਖਿਆ ਹੋਵੇ ਕੋਈ ਭੈ ਪ੍ਰਤੀਤ ਨਾ ਹੋਵੇ।*

SIKHBOOKCLUB.COM

# ਸ਼ਬਦ ਨੰਬਰ ੧੭੬

ਮਾਰੂ ਮਹਲਾ ੫ ਘਰੁ ੮ ਅੰਜੁਲੀਆ (ਪੰਨਾ ੧੦੧੯)

ੴ ਸਤਿਗੁਰ ਪ੍ਰਸਾਦਿ॥

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ੧॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥ ੨॥ ਜਾਗਤ ਸੂਤਾ ਭਰਮਿ ਵਿਗੂਤਾ ॥ ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥ ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥ ੩ ॥ ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ ਮੋਹ ਮਗਨ ਮਨੁ ਵਿਆਪਿਆ ਚਿੰਦਾ॥

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥ ੪ ॥ ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥ ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥ ੫ ॥ ਛੋਡਿ ਬਹੈ ਤਉ ਛੂਟੈ ਨਾਹੀ ॥ ਜਉ ਸੰਚੈ ਤਉ ਭਉ ਮਨ ਮਾਹੀ ॥ ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥ ੬ ॥ ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥ ੭ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਕਰਿ ਕਰਿ ਵੇਖੈ ਅਪਣੇ ਜਚਨਾ ॥ ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥ ੮ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ਸ਼ਨੀਵਾਰ ਤੋਂ ਵੀਹ ਪਾਠ ਰੋਜ਼ ਹਮੇਸ਼ਾਂ ਕਰੇ ਤਾਂ ਹਰ ਪ੍ਰਕਾਰ ਦੀ ਚਿੰਤਾ, ਗਮ, ਫਿਕਰ ਆਦਿਕ ਮਿਟੇ। ਸੰਤੋਖ ਪ੍ਰਾਪਤਾ ਹੋਵੇ, ਸੁਖ ਹੋਵੇ।*

SIKHBOOKCLUB.COM

## ਸ਼ਬਦ ਨੰਬਰ ੧੭੭

ਭੈਰਉ ਮਹਲਾ ੫ ॥ *(ਪੰਨਾ ੧੧੩੬)*

ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥ ੧ ॥ ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾ ਪ੍ਰਭੁ ਤੂੰ ਵਰਤੰਤਾ ॥ ੨ ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ ੨ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੨੧ ਪਾਠ ਰੋਜ਼ ਸੋਮਵਾਰ ਤੋਂ ਹਮੇਸ਼ਾਂ ਕਰੇ ਪ੍ਰਾਤਾਕਾਲ ਸਮੇਂ, ਹਰ ਪ੍ਰਕਾਰ ਦਾ ਡਰ ਭੈ ਆਦਿਕ ਦੂਰ ਹੋਵੇ, ਸੁਖ ਹੋਵੇ ਅਰ ਮਨ ਬਾਂਛਤ ਫਲ ਪਾਵੇ।*

# ਸ਼ਬਦ ਨੰਬਰ ੧੭੮

ਭੈਰਉ ਮਹਲਾ ੫ ॥ *(ਪੰਨਾ ੧੧੩੯)*

ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥ ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥ ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥ ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥ ੧ ॥ ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ ਸਰਣਿ ਤੇਰੈ ਦਰਵਾਰਿ ॥ ੧ ॥ ਰਹਾਉ ॥ ਜਿਨਿ ਸੇਵਿਆ ਨਿਰਭਉ ਸੁਖਦਾਤਾ ॥ ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥ ਜੋ ਤੂ ਕਰਹਿ ਸੋਈ ਫੁਨਿ ਹੋਇ ॥ ਮਾਰੈ ਨ ਰਾਖੈ ਦੂਜਾ ਕੋਇ ॥ ੨ ॥ ਕਿਆ ਤੂ ਸੋਚਹਿ ਮਾਣਸ ਬਾਣਿ ॥ ਅੰਤਰਜਾਮੀ ਪੁਰਖੁ ਸੁਜਾਣੁ ॥ ਏਕ ਟੇਕ ਏਕੋ ਆਧਾਰੁ ॥ ਸਭ ਕਿਛੁ ਜਾਣੈ ਸਿਰਜਣਹਾਰੁ ॥ ੩ ॥ ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ ਸਭਿ ਕਾਜ ਸਵਾਰਿ ॥ ਤਿਸ ਕਾ ਰਾਖਾ ਏਕੋ ਸੋਇ ॥ ਜਨ ਨਾਨਕ ਅਪੜਿ ਨ ਸਾਕੈ ਕੋਇ ॥ ੪ ॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੨੦ ਪਾਠ ਬੁਧਵਾਰ ਤੋਂ ਰੋਜ਼ ਹਮੇਸ਼ਾਂ ਕਰੇ ਤਾਂ ਹਰ ਪ੍ਰਕਾਰ ਦੀ ਹਰ ਸਮੇਂ ਰਖਿਆ ਹੋਵੇ। ਸਭ ਔਕੜਾਂ, ਮੁਸੀਬਤਾਂ, ਮੁਸ਼ਕਲਾਂ ਦੂਰ ਹੋਵਣ, ਮਨ ਬਾਂਛਤ ਫਲ ਪ੍ਰਾਪਤ ਹੋਣ।*

# ਸ਼ਬਦ ਨੰਬਰ ੧੭੯

ਸਾਰਗ ਮਹਲਾ ੫ ॥ *(ਪੰਨਾ ੧੨੧੮)*

ਠਾਕੁਰ ਤੁਮੑ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥ ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥ ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥ ੧ ॥ ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥ ੨ ॥

*ਵਿਧੀ ਤੇ ਮਹਾਤਮ-ਇਸ ਸ਼ਬਦ ਦੇ ੨੧ ਪਾਠ ਰੋਜ਼ ਹਮੇਸ਼ਾਂ ਪ੍ਰਾਤਾਕਾਲ ਸਮੇਂ ਉਠ ਕੇ ਪਵਿਤ੍ਰ ਹੋ ਕੇ ਬੁਧਵਾਰ ਤੋਂ ਕਰੇ ਤਾਂ ਸਭ ਪ੍ਰਕਾਰ ਦੀ ਰਖਿਆ ਹੋਵੇ, ਕੋਈ ਡਰ ਭੈ ਨਾ ਬਿਆਪੇ, ਰੋਗੀ ਦਾ ਰੋਗ ਦੂਰ ਹੋਵੇ। ਮੁਕੱਦਮੇ ਤੇ ਸੰਕਟ ਤੋਂ ਰਖਿਆ ਹੋਵੇ।*

## ਸ਼ਬਦ ਨੰਬਰ ੧੮੦

ਮਲਾਰ ਮਹਲਾ ੧ ॥ *(ਪੰਨਾ ੧੨੫੪)*

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥ ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥ ਬਰਸੁ ਘਨਾ ਮੇਰਾ ਮਨੁ ਭੀਨਾ ॥ ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥ ੧ ॥ ਰਹਾਉ ॥ ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥ ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥ ੨ ॥ ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥ ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥ ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥ ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥

*ਵਿਧੀ ਤੇ ਮਹਾਤਮ – ਜਦ ਬਾਰਸ਼ ਨਾ ਹੁੰਦੀ ਹੋਵੇ ਅਰ ਬਹੁਤ ਤੋਟ ਬਾਰਸ਼ ਦੀ ਆ ਜਾਵੇ ਤਾਂ ਨਿਤਾਪ੍ਰਤੀ ਇਸ ਸ਼ਬਦ ਦੇ ਕੁਲ ਪੰਜ ਹਜ਼ਾਰ ਪਾਠ ਬੁਧਵਾਰ ਤੋਂ ੨੦ ਦਿਨ ਪਹਿਰ ਰਾਤ ਗਈ ਜਾਂ ਪਹਿਰ ਰਾਤ ਰਹਿੰਦੀ ਨੂੰ ਸ਼ੁੱਧ ਪਵਿੱਤਰ ਹੋ ਕੇ ਕਰੇ ਤਾਂ ਬਾਰਸ਼ ਖੂਬ ਬਰਸੇ।*

## ਸ਼ਬਦ ਨੰਬਰ ੧੮੧

ਮਲਾਰ ਮਹਲਾ ੫ ॥ *(ਪੰਨਾ ੧੨੭੩)*

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ ਰਹਾਉ ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥ ੧ ॥ ਹੇ ਸਮ੍ਰਥ ਅਗਮ ਪੂਰਨ ਮੋਹਿ

ਮਇਆ ਧਾਰਿ ॥੨ ॥ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥ ੩ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ਪਾਠ ਹਮੇਸ਼ਾ ਰੋਜ਼ ਮੰਗਲਵਾਰ ਤੋਂ ਲੈ ਕੇ ਕਰੇ ਤਾਂ ਹਰ ਬਿਪਤਾ, ਦੁਖ ਕਲੇਸ਼, ਸੰਕਟ ਭੀੜਾ, ਮੁਕੱਦਮਾ ਰੋਗ ਜਾਂ ਔਖਿਆਈ ਵਾਹਿਗੁਰੂ ਦੀ ਮੇਹਰ ਦੁਆਰਾ ਕਟੀ ਜਾਵੇ, ਕਲੇਸ਼ ਸਮੇਂ ਆਪ ਸਹਾਈ ਹੋਵੇ।*

## ਸ਼ਬਦ ਨੰਬਰ ੧੮੨

ਸਲੋਕ ਸਹਸਕ੍ਰਿਤੀ ਮਹਲਾ ੫ *(ਪੰਨਾ ੧੩੫੫)*

ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥ ੧੮ ॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੫੧ ਪਾਠ ਰੋਜ਼ ਕਰੇ, ਸ਼ਨੀਵਾਰ ਤੋਂ ਲੈ ਕੇ ੨੧ ਦਿਨ ਤਾਂ ਸਭ ਪਰਕਾਰ ਦਾ ਦੁਖ ਦਲਿਦਰ ਦੂਰ ਹੋਵੇ।*

SIKHBOOKCLUB.COM

## ਸ਼ਬਦ ਨੰਬਰ ੧੮੩

ਸੋਰਠਿ ਮਹਲਾ ੫ ਘਰੁ ੨ ਚਉਪਦੇ *(ਪੰਨਾ ੬੧੧)*

ੴ ਸਤਿਗੁਰ ਪ੍ਰਸਾਦਿ ॥

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥ ੧ ॥ ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥ ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥ ੨ ॥ ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥ ਜਨ ਨਾਨਕ ਕਉ ਗੁਰਿ ਕਿਰਪਾ

ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥ ੪ ॥

*ਵਿਧੀ ਤੇ ਮਹਾਤਮ - ਇਸ ਸ਼ਬਦ ਦੇ ੨੧ ਦਿਨ ਹਰ ਰੋਜ਼ ੧੧ ਪਾਠ ਕਰਨ ਨਾਲ ਸਤਿਗੁਰੂ ਜੀ ਪੁੱਤਰ ਦੀ ਦਾਤ ਬਖਸ਼ਿਸ਼ ਕਰਨਗੇ।*

# ਸ਼ਬਦ ਨੰਬਰ ੧੮੪

ਗਉੜੀ ਮਹਲਾ ੫ ॥ *(ਪੰਨਾ ੨੦੧)*

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥ ੧ ॥ ਰਹਾਉ ॥ ਦੁਸਟ ਦੂਤ ਪਰਮੇਸਰਿ ਮਾਰੇ ॥ ਜਨ ਕੀ ਪੈਜ ਰਖੀ ਕਰਤਾਰੇ ॥ ੧ ॥ ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥ ਨਿਰਭਉ ਹੋਇ ਭਜਹੁ ਭਗਵਾਨ ॥ ਸਾਧ ਸੰਗਤਿ ਮਿਲਿ ਕੀਨੋ ਦਾਨੁ ॥ ੩ ॥ ਸਰਣਿ ਪਰੇ ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥

SIKHBOOKCLUB.COM

*ਵਿਧੀ ਤੇ ਮਹਾਤਮ-ਇਸ ਸ਼ਬਦ ਨੂੰ ਐਤਵਾਰ ਤੋਂ ੧੦੦ ਵਾਰ ਰੋਜ਼ ਜਪਣਾ ੧੧ ਦਿਨ ਇਸਦੇ ਲਗਾਤਾਰ ਪਾਠ ਕਰਨ ਨਾਲ ਸਭ ਕੋਈ ਵੱਸ ਹੋਵੇ।*

# ਸ਼ਬਦ ਨੰਬਰ ੧੮੫

ਆਸਾ ਮਹਲਾ ੪ ਛੰਤ ਘਰੁ ੫ *(ਪੰਨਾ ੪੫੧)*

ੴ ਸਤਿਗੁਰ ਪ੍ਰਸਾਦਿ ॥

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥ ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧ ॥ ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ ॥ ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥ ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥ ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿ ਧਾਰੇ ॥ ੨ ॥ ਪਿਰ

ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥ ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥ ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ॥ ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ॥ ੩॥ ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥ ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥ ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ॥ ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ॥ ੪॥ ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ॥ ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ॥ ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ॥ ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ॥ ੫॥ ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ॥ ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ॥ ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ॥ ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁ ਸਾ॥ ੬॥

SIKHBOOKCLUB.COM

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ਪੰਜ ਪਾਠ ਰੋਜ਼ ਲਗਾਤਾਰ ੧੦ ਦਿਨ ਕਰਨ ਨਾਲ ਪਰਦੇਸ਼ ਗਿਆ ਹੋਇਆ ਪਤੀ ਅਥਵਾ ਪ੍ਰੇਮੀ ਵਾਪਸ ਰਾਜ਼ੀ ਖੁਸ਼ੀ ਘਰ ਆ ਜਾਂਦਾ ਹੈ।*

# ਸ਼ਬਦ ਨੰਬਰ ੧੯੬

ਸਲੋਕ ਮਹਲਾ ੫॥ *(ਪੰਨਾ ੧੪੨੯)*

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ ੧॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ਰੋਜ਼ ੫੧ ਪਾਠ ਅੰਮ੍ਰਿਤ ਵੇਲੇ ੨੧ ਦਿਨ ਕਰਨ ਨਾਲ ਵਿਛੁੜਿਆ ਹੋਇਆ ਪ੍ਰੇਮੀ ਮਿਲ ਪੈਂਦਾ ਹੈ। ਬਹੁਤ ਪਿਆਰ ਵਧਦਾ ਹੈ।*

# ਸ਼ਬਦ ਨੰਬਰ ੧੮੭

ਮਾਝ ਮਹਲਾ ੫ ॥ (ਪੰਨਾ ੧੦੪)

ਆਉ ਸਾਜਨ ਸੰਤ ਮੀਤ ਪਿਆਰੇ ॥ ਮਿਲਿ ਗਾਵਹ ਗੁਣ ਅਗਮ ਅਪਾਰੇ ॥ ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥ ਜਨਮ ਜਨਮ ਕੇ ਕਿਲਬਿਖ ਜਾਵਹਿ ॥ ਮਨ ਚਿੰਦੇ ਸੇਈ ਫਲ ਪਾਵਹਿ ॥ ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥੨॥ ਨਾਮੁ ਜਪਤ ਸਰਬ ਸੁਖੁ ਪਾਈਐ ॥ ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥ ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥ ਆਇ ਪਇਆ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਲੈਹਿ ਮਿਲਾਈ ॥ ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥

*ਵਿਧੀ ਤੇ ਮਹਾਤਮ – ਇਸ ਸ਼ਬਦ ਦੇ ੪੦ ਪਾਠ ਰੋਜ਼ ਸੱਤ ਦਿਨ ਕਰਨ ਨਾਲ ਗੁਆਚਾ ਧੀ ਪੁੱਤਰ ਲੱਭ ਪੈਂਦਾ ਹੈ, ਪਾਠ ਸ਼ੁਕਰਵਾਰ ਆਰੰਭ ਕਰਕੇ ਰਾਤ ਸਮੇਂ ਕਰਨਾ ਚਾਹੀਏ। ਜੇ ਕਿਸੇ ਨਾਲ ਲੇਖਾ ਕਰਨ ਜਾਣਾ ਹੋਵੇ ਤਾਂ ਜਪੁਜੀ ਸਾਹਿਬ ਦੀ ਪੰਜਵੀਂ ਪਉੜੀ (ਥਾਪਿਆ ਨ ਜਾਇ) ਲਿਖਕੇ ਦਸਤਾਰ ਵਿਚ ਰਖੇ। ਜੇ ਜ਼ਮੀਨ ਲੈਣ ਜਾਣਾ ਤਾਂ ਮੰਨੈ ਦੀ ਪਉੜੀ (ਮੰਨੇ ਕੀ ਗਤਿ ਕਹੀ ਨ ਜਾਇ॥ ) ਦਸਤਾਰ ਵਿਚ ਰਖੇ।*

*ਜੇ ਕਿਸੇ ਨੂੰ ਤੇਈਆ ਤਾਪ ਹੋਇ ਤਾਂ (ਸੋਦਰ) ਦੀ ਪਉੜੀ ਲਿਖਕੇ ਗੱਲ ਵਿਚ ਪਾ ਲਵੇ। ਜੇ ਕਿਸੇ ਨੂੰ ਅਤੀ ਸਾਰ ਲੱਗਾ ਹੋਵੇ ਤਾਂ (ਮੁੰਦਾ ਸੰਤੋਖੁ) ਦੀ ਪਉੜੀ ਲਿਖਕੇ ਪਿਲਾਉਣੀ।*

# ਮਹਾਂ ਪੁਰਖ ਦਾ ਬਚਨ

ਅੱਖੀਂ ਘੱਟਾ ਮੂੰਹ ਵਿਚ ਡੱਟਾ

ਬਿਰ ਬਿਰ ਤਕੈ

ਬੋਲ ਨ ਸਕੈ।

ਮੁਕੱਦਮੇ ਨੂੰ ਜਿੱਤਣ ਲਈ ਕਚਿਹਰੀ ਵਿਚ ਮੂੰਹ ਵਿਚ ਪੜ੍ਹੀ ਜਾਣਾ। ਜੋ ਕੰਮ ਚਿਤਵੈ ਪੂਰਾ ਹੋਵੇ। ਦੁਸ਼ਮਨ ਬੋਲ ਨਾ ਸਕੇ। ਹਰ ਥਾਂ ਤੇ ਫਤੇ ਪਾਵੇ। ਜਿੱਤ ਪ੍ਰਾਪਤ ਹੋਵੇ।

□ □

# ਚੌਪਈ ਸਾਹਿਬ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪਾਤਿਸਾਹੀ ੧੦॥

ਕਬਯੋ ਬਾਚ ਬੇਨਤੀ ॥ਚੌਪਈ॥

ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥ ੧ ॥ ਹਮਰੇ ਦੁਸਟ ਸਭੈ ਤੁਮ ਘਾਵਹੁ॥ਆਪੁ ਹਾਥ ਦੈ ਮੋਹਿ ਬਚਾਵਹੁ॥ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖਜ ਸਭੈ ਕਰਤਾਰਾ॥ ੨ ॥ ਮੋ ਰੱਛਾ ਨਿਜੁ ਕਰ ਦੈ ਕਰਿਯੈ॥ ਸਭ ਬੈਰਨ ਕੌ ਆਜ ਸੰਘਰਿਯੈ॥ ਪੂਰਨ ਹੋਇ ਹਮਾਰੀ ਆਸਾ॥ ਤੋਰਿ ਭਜਨ ਕੀ ਰਹੈ ਪਯਾਸਾ॥ ੩ ॥ ਤੁਮਹਿ ਛਾਡਿ ਕੋਈ ਅਵਰ ਨ ਧਜਾਊਂ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ॥ ਸੇਵਕ ਸਿੱਖਜ ਹਮਾਰੇ ਤਾਰੀਅਹਿ॥ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥੪॥ਆਪੁ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥ ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥ ੫ ॥ ਰਾਖਿ ਲੇਹੁ ਮੁਹਿ ਰਾਖਨਹਾਰੇ॥ ਸਾਹਿਬ ਸੰਤ ਸਹਾਇ ਪਯਾਰੇ॥ਦੀਨ ਬੰਧੁ ਦੁਸਟਨ ਕੇ ਹੰਤਾ॥ਤੁਮ ਹੋ ਪੁਰੀ ਚਤੁਰਦਸ ਕੰਤਾ॥ ੬ ॥ ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥ਕਾਲ ਪਾਇ ਕਰਿ ਬਿਸਨ ਪ੍ਰਕਾਸਾ॥ਸਕਲ ਕਾਲ ਕਾ ਕੀਆ ਤਮਾਸਾ॥ ੭ ॥ਜਵਨ ਕਾਲ ਜੋਗੀ ਸਿਵ ਕੀਓ॥ਬੇਦ ਰਾਜ ਬ੍ਰਹਮਾ

SIKHBOOKCLUB.COM

ਜੂ ਥੀਓ ॥ ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥
੮ ॥ ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥ ੯ ॥
ਨਮਸਕਾਰ ਤਿਸਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਵਗੁਨ ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ ॥ ੧੦ ॥
ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥ ਚੀਟੀ ਤੇ
ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥ ੧੧ ॥ ਸੰਤਨ ਦੁਖ
ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥ ਏਕ ਏਕ ਕੀ ਪੀਰ ਪਛਾਨੈ ॥
ਘਟ ਘਟ ਕੇ ਪਟ ਪਟ ਕੀ ਜਾਨੈ ॥ ੧੨ ॥ ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥ ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈਂ
ਮਿਲਤ ਦੇਹ ਧਰ ਸਭਹੂੰ ॥ ੧੩ ॥ ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ
SIKHBOOKCLUB.COM
ਆਪਨੀ ਬੂਝਿ ਉਚਾਰੈ ॥ ਤੁਮ ਸਭ ਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ
ਭੇਦ ਅਰੁ ਆਲਮ ॥ ੧੪ ॥ ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ ॥ ਆਦਿ ਅਨੀਲ
ਅਨਾਦਿ ਅਸੰਭ ॥ ਤਾ ਕਾ ਮੂੜ੍ਹ ਉਚਾਰਤ ਭੇਦਾ ॥ ਜਾ ਕੋ ਭੇਵ ਨ ਪਾਵਤ
ਬੇਦਾ ॥ ੧੫ ॥ ਤਾ ਕੌ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ
ਜਾਨਤ ॥ ਮਹਾਂਦੇਵ ਕੌ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ
ਭਿਵ ॥ ੧੬ ॥ ਆਪੁ ਆਪੁਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ
ਤੇਤੀ ॥ ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥
੧੭ ॥ ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥ ਅੰਡਜ ਜੇਰਜ
ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ ॥ ੧੮ ॥ ਕਹੂੰ ਫੂਲਿ
ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥ ਸਿਗਰੀ ਸ੍ਰਿਸਟਿ
ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥ ੧੯ ॥ ਅਬ ਰੱਛਾ
ਮੇਰੀ ਤੁਮ ਕਰੋ ॥ ਸਿੱਖਜ ਉਬਾਰਿ ਅਸਿੱਖਜ ਸੰਘਰੋ ॥ ਦੁਸਟ ਜਿਤੇ ਉਠਵਤ
ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥ ੨੦ ॥ ਜੇ ਅਸਿਧੁਜ ਤਵ

ਸਰਨੀ ਪਰੇ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ॥ ਪੁਰਖ ਜਵਨ ਪਗ ਪਰੇ ਤਿਹਾਰੇ॥ ਤਿਨ ਕੇ ਤੁਮ ਸੰਕਟ ਸਭ ਟਾਰੇ॥ ੨੧॥ ਜੋ ਕਲਿ ਕੋ ਇਕ ਬਾਰ ਧਿਐਹੈ॥ ਤਾ ਕੇ ਕਾਲ ਨਿਕਟਿ ਨਹਿ ਐਹੈ॥ ਰੱਛਾ ਹੋਇ ਤਾਹਿ ਸਭ ਕਾਲਾ॥ ਦੁਸਟ ਅਰਿਸਟ ਟਰੈਂ ਤਤਕਾਲਾ॥ ੨੨॥ ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥ ਤਾ ਕੇ ਤਾਪ ਤਨਕ ਮਹਿ ਹਰਿਹੋ॥ ਰਿੱਧਿ ਸਿੱਧਿ ਘਰ ਮੋ ਸਭ ਹੋਈ॥ ਦੁਸਟ ਛਾਹ ਛ੍ਵੈ ਸਕੈ ਨ ਕੋਈ॥ ੨੩॥ ਏਕ ਬਾਰ ਜਿਨ ਤੁਮੈ ਸੰਭਾਰਾ॥ ਕਾਲ ਫਾਸ ਤੇ ਤਾਹਿ ਉਬਾਰਾ॥ ਜਿਨ ਨਰ ਨਾਮ ਤਿਹਾਰੋ ਕਹਾ॥ ਦਾਰਿਦ ਦੁਸਟ ਦੋਖ ਤੇ ਰਹਾ॥ ੨੪॥ ਖੜਗਕੇਤ ਮੈਂ ਸਰਣਿ ਤਿਹਾਰੀ॥ ਆਪੁ ਹਾਥ ਦੈ ਲੇਹੁ ਉਬਾਰੀ॥ ਸਰਬ ਠੌਰ ਮੋ ਹੋਹੁ ਸਹਾਈ॥ ਦੁਸਟ ਦੋਖ ਤੇ ਲੇਹੁ ਬਚਾਈ॥ ੨੫॥

*ਵਿਧੀ ਤੇ ਮਹਾਤਮ – ਇਸ ਚੌਪਈ ਦਾ ਹਰ ਰੋਜ਼ ੨੧ ਵਾਰੀ ਪਾਠ ਕਰਨ ਨਾਲ ਆਧੀਆਂ ਵਿਆਧੀਆਂ ਤੇ ਦੁਖਾਂ ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਹਰ ਤਰ੍ਹਾਂ ਦੀ ਰਖਿਆ ਹੁੰਦੀ ਹੈ।*

SIKHBOOKCLUB.COM

□□□□